



ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Friday 24 April, 2026 | website: www.cee7news.com

## ਘੁਸਪੈਠੀਆਂ ਨੂੰ ਚੁਣ-ਚੁਣ ਕੇ ਬਾਹਰ ਕੱਢਾਂਗੇ



ਪਹਿਲੇ ਪੜਾਅ ਦੀ ਵੋਟਿੰਗ ਦੌਰਾਨ ਰੈਲੀ ਕਰਦਿਆਂ ਅਮਿਤ ਸ਼ਾਹ ਨੇ ਦਾਅਵਾ ਕੀਤਾ ਕਿ ਭਾਜਪਾ ਸੂਬੇ ਵਿੱਚ ਪੂਰਨ ਬਹੁਮਤ ਨਾਲ ਸਰਕਾਰ ਬਣਾਉਣ ਜਾ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ, "ਅੱਜ ਪਹਿਲੇ ਪੜਾਅ ਦੀ ਵੋਟਿੰਗ ਮੁਕੰਮਲ ਹੋਣ ਵਾਲੀ ਹੈ ਅਤੇ ਬੰਗਾਲ ਵਿੱਚ ਇਹ ਮੇਰਾ 30ਵਾਂ ਪ੍ਰੋਗਰਾਮ ਹੈ। 5 ਮਈ ਨੂੰ 'ਦੀਦੀ ਦਾ ਖੇਲਾ ਖ਼ਤਮ' ਹੋ ਜਾਵੇਗਾ ਅਤੇ ਭਾਜਪਾ ਦੀ ਸਰਕਾਰ ਬਣੇਗੀ।"ਘੁਸਪੈਠ ਨੂੰ ਸੂਬੇ ਦੀ ਆਰਥਿਕਤਾ ਅਤੇ ਸੁਰੱਖਿਆ ਲਈ ਖ਼ਤਰਾ ਦੱਸਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਘੁਸਪੈਠੀਏ ਬੰਗਾਲ ਦੇ ਨੌਜਵਾਨਾਂ ਦੀਆਂ ਨੌਕਰੀਆਂ ਅਤੇ ਗ਼ਰੀਬਾਂ ਦਾ ਰਾਸ਼ਨ ਖੋਹ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਅਨਸਰ ਦੇਸ਼ ਦੀ ਸੁਰੱਖਿਆ ਨੂੰ ਵੀ ਖੋਰਾ ਲਾ ਰਹੇ ਹਨ।ਅਗਲੇ ਪੜਾਅ ਦੀਆਂ ਚੋਣਾਂ ਲਈ ਪ੍ਰਚਾਰ ਤੇਜ਼ ਕਰਦਿਆਂ ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ 29 ਅਪਰੈਲ ਨੂੰ ਕਮਲ ਦੇ ਨਿਸ਼ਾਨ ਦਾ ਬਟਨ ਦਬਾ ਕੇ ਭਾਜਪਾ ਨੂੰ ਜੇਤੂ ਬਣਾਉਣ। ਉਨ੍ਹਾਂ ਕਿਹਾ ਕਿ ਇਹ ਚੋਣ ਸਿਰਫ਼ ਵਿਧਾਇਕ ਚੁਣਨ ਲਈ ਨਹੀਂ, ਸਗੋਂ ਬੰਗਾਲ ਦੀ ਧਰਤੀ ਨੂੰ ਘੁਸਪੈਠੀਆਂ ਤੋਂ ਮੁਕਤ ਕਰਵਾਉਣ ਲਈ ਹੈ।ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਨੂੰ ਪੱਛਮੀ ਬੰਗਾਲ ਦੇ ਹੁਗਲੀ ਜ਼ਿਲ੍ਹੇ ਅਧੀਨ ਪੈਂਦੇ ਬਾਲਾਗੜ੍ਹ ਵਿਖੇ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਜੇਕਰ ਭਾਜਪਾ ਸੱਤਾ ਵਿੱਚ ਆਉਂਦੀ ਹੈ, ਤਾਂ ਸੂਬੇ ਵਿੱਚ 'ਇੱਕ ਵੀ ਘੁਸਪੈਠੀਏ' ਨੂੰ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੰਗਾਲ ਵਿੱਚ ਮੌਜੂਦ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਚੁਣ-ਚੁਣ ਕੇ ਬਾਹਰ ਕੱਢਿਆ ਜਾਵੇਗਾ।

## ਸਟੇਅ ਵਾਲੀ ਸ਼ਰਤ ਕੀਤੀ ਖ਼ਤਮ




ਭਾਰਤ ਸਰਕਾਰ ਨੇ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (OCI) ਕਾਰਡ ਦੇ ਨਿਯਮਾਂ ਵਿੱਚ ਸੋਧ ਕੀਤੀ ਹੈ, ਇੱਕ ਅਜਿਹਾ ਕਦਮ ਜਿਸ ਨਾਲ ਲੱਖਾਂ ਐਨ.ਆਰ.ਆਈਜ਼ ਨੂੰ ਲਾਭ ਹੋਵੇਗਾ, ਜਿਨ੍ਹਾਂ ਵਿੱਚ ਪੰਜਾਬੀ ਮੂਲ ਦੇ ਲੋਕ ਵੀ ਸ਼ਾਮਲ ਹਨ । ਐਨ.ਆਰ.ਆਈਜ਼ ਨੂੰ ਹੁਣ OCI ਕਾਰਡ ਲਈ ਅਰਜ਼ੀ ਦੇਣ ਲਈ ਭਾਰਤ ਵਿੱਚ ਛੇ ਮਹੀਨਿਆਂ ਦੀ ਰਿਹਾਇਸ਼ ਦੀ ਮਿਆਦ ਪੂਰੀ ਕਰਨ ਦੀ ਲੋੜ ਨਹੀਂ ਹੈ । ਨਵੇਂ ਨਿਯਮਾਂ ਦੇ ਤਹਿਤ, ਇੱਕ NRI ਭਾਰਤ ਪਹੁੰਚਣ 'ਤੇ ਤੁਰੰਤ OCI ਕਾਰਡ ਲਈ ਅਰਜ਼ੀ ਦੇ ਸਕਦਾ ਹੈ।ਇਸ ਤੋਂ ਇਲਾਵਾ ਭਾਰਤ ਸਰਕਾਰ ਨੇ ਵਿਦੇਸ਼ੀ ਮੂਲ ਦੇ ਜੀਵਨ ਸਾਥੀ ਨੂੰ OCI ਕਾਰਡ ਜਾਰੀ ਕਰਨ ਸਬੰਧੀ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ । ਵਿਦੇਸ਼ੀ ਮੂਲ ਦੇ ਜੀਵਨ ਸਾਥੀ ਨੂੰ ਹੁਣ ਆਪਣੇ ਪਾਸਪੋਰਟਾਂ ਦੇ ਨਵੀਨੀਕਰਨ ਸਮੇਂ ਇਹ ਐਲਾਨ ਕਰਨ ਦੀ ਲੋੜ ਹੈ ਕਿ ਉਹ ਇਸ ਸਮੇਂ ਆਪਣੇ ਭਾਰਤੀ ਮੂਲ ਦੇ ਜੀਵਨ ਸਾਥੀ ਨਾਲ ਭਾਰਤ ਵਿੱਚ ਰਹਿ ਰਹੇ ਹਨ। ਤਲਾਕ ਦੀ ਸਥਿਤੀ ਵਿੱਚ ਵਿਦੇਸ਼ੀ ਮੂਲ ਦੇ ਜੀਵਨ ਸਾਥੀ ਕੋਲ ਮੌਜੂਦ OCI ਕਾਰਡ ਨੂੰ ਰੱਦ ਮੰਨਿਆ ਜਾਵੇਗਾ; ਉਸ ਤੋਂ ਬਾਅਦ ਭਾਰਤ ਵਿੱਚ ਰਹਿਣ ਦਾ ਉਨ੍ਹਾਂ ਦਾ ਅਧਿਕਾਰ ਉਨ੍ਹਾਂ ਦੇ ਵੀਜ਼ੇ ਦੀ ਸਮਾਂ ਮਿਆਦ ਤੱਕ ਸੀਮਤ ਰਹੇਗਾ।ਇਸ ਦੌਰਾਨ ਵਿਦੇਸ਼ਾਂ ਵਿੱਚ ਪੈਦਾ ਹੋਏ ਭਾਰਤੀ ਮੂਲ ਦੇ ਬੱਚਿਆਂ ਨੂੰ OCI ਕਾਰਡ ਜਾਰੀ ਕਰਨ ਦੇ ਨਿਯਮਾਂ ਵਿੱਚ ਵੀ ਬਦਲਾਅ ਕੀਤੇ ਗਏ ਹਨ। ਭਾਰਤੀ ਮੂਲ ਦੇ ਮਾਪਿਆਂ ਨੂੰ ਆਪਣੇ ਬੱਚੇ ਦੇ OCI ਕਾਰਡ ਲਈ ਅਰਜ਼ੀ ਦੇਣ ਲਈ ਹੁਣ ਇੱਕ ਜਨਮ ਸਰਟੀਫਿਕੇਟ ਜਮ੍ਹਾਂ ਕਰਨਾ ਜ਼ਰੂਰੀ ਹੈ ਜੋ ਸਬੰਧਤ ਜਨਮ ਦੇਸ਼ ਦੀ ਸਰਕਾਰ ਦੁਆਰਾ ਤਸਦੀਕ ਕੀਤਾ ਗਿਆ ਹੋਵੇ । ਪਹਿਲਾਂ ਜਨਮ ਸਰਟੀਫਿਕੇਟ ਦੀ ਸਿਰਫ਼ ਇੱਕ ਕਾਪੀ ਜਮ੍ਹਾਂ ਕਰਨਾ ਕਾਫ਼ੀ ਮੰਨਿਆ ਜਾਂਦਾ ਸੀ।ਭਾਰਤ ਪਹੁੰਚਣ ਵਾਲੇ ਪ੍ਰਵਾਸੀ ਭਾਰਤੀਆਂ ਨੂੰ ਹੁਣ ਆਪਣੇ ਜਹਾਜ਼ ਤੋਂ ਉਤਰਨ ਤੋਂ ਪਹਿਲਾਂ ਕੋਈ ਫਾਰਮ ਭਰਨ ਦੀ ਲੋੜ ਨਹੀਂ ਹੈ। ਇਸ ਦੀ ਬਜਾਏ ਪ੍ਰਵਾਸੀ ਭਾਰਤੀਆਂ ਨੂੰ ਭਾਰਤ ਸਰਕਾਰ ਦੇ 'ਸੁਸਵਾਗਤਮ' ਐਪ ਰਾਹੀਂ ਲੋੜੀਂਦੀ ਜਾਣਕਾਰੀ ਆਨਲਾਈਨ ਜਮ੍ਹਾਂ ਕਰਾਉਣੀ ਚਾਹੀਦੀ ਹੈ। ਸਰਕਾਰ ਨੇ ਇਸ ਸਹੂਲਤ ਨੂੰ 'ਡਿਜੀਟਲ ਈ-ਆਗਮਨ ਕਾਰਡ' ਵਜੋਂ ਮਨੋਨੀਤ ਕੀਤਾ ਹੈ । ਇਹ ਨਵੀਂ ਸਹੂਲਤ 1 ਅਪ੍ਰੈਲ ਤੋਂ ਲਾਗੂ ਹੋ ਗਈ ਹੈ।

**Ce77News** **ਤਕਨੀਕੀ ਕ੍ਰਾਂਤੀ ਲਈ ਰਾਜਨਾਥ ਸਿੰਘ ਨੇ ਜਰਮਨੀ ਨੂੰ ਭਾਰਤ ਨਾਲ ਮਿਲ ਕੇ ਉਤਪਾਦਨ ਕਰਨ ਦੀ ਕੀਤੀ ਅਪੀਲ**

# ਭਾਰਤ ਨਾਲ ਵਿਸ਼ੇਸ਼ ਤਕਨੀਕਾਂ 'ਚ ਸਹਿ-ਵਿਕਾਸ ਅਤੇ ਸਹਿ-ਉਤਪਾਦਨ ਕਰੋ

**ਚੰਡੀਗੜ੍ਹ** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਜਰਮਨ ਉਦਯੋਗ ਨੂੰ ਭਾਰਤ ਦੇ ਨਾਲ ਸਹਿ-ਵਿਕਾਸ ਅਤੇ ਸਹਿ-ਉਤਪਾਦਨ ਲਈ ਸੱਦਾ ਦਿੱਤਾ, ਖਾਸ ਕਰਕੇ ਉੱਨਤ ਅਤੇ ਵਿਸ਼ੇਸ਼ ਤਕਨੀਕਾਂ ਦੇ ਖੇਤਰ ਵਿੱਚ। ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਵਿੱਚ ਬਦਲਦੇ ਭੂ-ਰਜਨੀਤਿਕ ਸਮੀਕਰਨਾਂ, ਸਪਲਾਈ ਚੇਨਾਂ ਵਿੱਚ ਵਿਘਨ, ਤੇਜ਼ ਤਕਨੀਕੀ ਤਬਦੀਲੀ ਅਤੇ ਵਧ ਰਹੀਆਂ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਦੇ ਵਿਚਕਾਰ ਭਰੋਸੇਯੋਗਤਾ ਅਤੇ ਸਾਂਝੇ ਹਿੱਤਾਂ 'ਤੇ ਅਧਾਰਤ ਭਾਈਵਾਲੀ ਲਾਜ਼ਮੀ ਹੋ ਗਈ ਹੈ। ਉਹ 23 ਅਪ੍ਰੈਲ 2026 ਨੂੰ ਮਿਊਨਿਖ ਵਿੱਚ ਆਯੋਜਿਤ ਰੱਖਿਆ ਨਿਵੇਸ਼ਕ ਸੰਮੇਲਨ ਵਿੱਚ ਭਾਰਤੀ ਅਤੇ ਜਰਮਨ ਰੱਖਿਆ ਉਦਯੋਗ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰ ਰਹੇ ਸਨ, ਜੋ ਉਨ੍ਹਾਂ ਦੇ ਯੂਰਪ ਦੌਰੇ ਦਾ ਆਖਰੀ ਦਿਨ ਸੀ। ਰੱਖਿਆ ਮੰਤਰੀ ਨੇ ਕਿਹਾ ਕਿ ਅੱਜ ਦੇਸ਼ ਅਤੇ ਉਦਯੋਗ ਆਪਣੀਆਂ ਨਿਰਭਰਤਾਵਾਂ ਦਾ ਮੁੜ ਮੁਲਾਂਕਣ ਕਰ ਰਹੇ ਹਨ, ਸਪਲਾਈ ਚੇਨਾਂ ਵਿੱਚ ਵਿਭਿੰਨਤਾ ਲਿਆ ਰਹੇ ਹਨ ਅਤੇ ਅਜਿਹੇ ਭਰੋਸੇਮੰਦ ਭਾਈਵਾਲਾਂ ਦੀ ਤਲਾਸ਼ ਵਿੱਚ ਹਨ ਜੋ ਸਥਿਰਤਾ, ਨਿਰੰਤਰਤਾ ਅਤੇ ਆਪਸੀ ਵਿਸ਼ਵਾਸ ਨੂੰ ਯਕੀਨੀ ਬਣਾ ਸਕਣ। ਉਨ੍ਹਾਂ ਦੱਸਿਆ ਕਿ ਇਸ ਸੰਦਰਭ ਵਿੱਚ ਭਾਰਤ



बर्फ में बदल गया वासुकि ताल नए साल की शुरुआत बर्फ़बारी

ਇੱਕ ਉਭਰਦਾ ਬਾਜ਼ਾਰ, ਨੌਜਵਾਨ ਅਤੇ ਕੁਸ਼ਲ ਕਾਰਜਬਲ, ਤੇਜ਼ੀ ਨਾਲ ਵਿਕਸਤ ਹੋ ਰਿਹਾ ਉਦਯੋਗਿਕ ਤੰਤਰ, ਸਥਿਰਤਾ ਅਤੇ ਕਾਨੂੰਨ ਦੇ ਸ਼ਾਸਨ ਪ੍ਰਤੀ ਵਚਨਬੱਧਤਾ ਪ੍ਰਦਾਨ ਕਰਦਾ ਹੈ, ਜੋ ਲੰਬੇ ਸਮੇਂ ਦੇ ਨਿਵੇਸ਼ ਲਈ ਮਹੱਤਵਪੂਰਨ ਕਾਰਕ ਹਨ।

"ਰੀਆਰਮ ਯੂਰਪ" (Rearm Europe) ਅਤੇ "ਆਤਮ-ਨਿਰਭਰ ਭਾਰਤ" ਪਹਿਲਕਦਮੀਆਂ ਦੇ ਤਹਿਤ ਮੌਜੂਦ ਅਥਾਹ ਸੰਭਾਵਨਾਵਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਭਾਰਤੀ ਕੰਪਨੀਆਂ ਜਰਮਨ ਕੰਪਨੀਆਂ ਨਾਲ ਉੱਨਤ ਰਾਡਾਰ ਅਤੇ ਸੈਂਸਰ ਤਕਨੀਕ, ਮਲਟੀ-ਸੈਂਸਰ ਸਿਸਟਮ, AI-ਸਮਰੱਥ ਮਾਨਵ ਰਹਿਤ ਹਵਾਈ ਪ੍ਰਣਾਲੀਆਂ (UAVs), ਸੋਨੋਬੁਆਏ ਅਤੇ ਉੱਚ ਸ਼ਕਤੀ ਵਾਲੇ ਘੱਟ ਫ੍ਰੀਕੁਐਂਸੀ ਵਾਲੇ ਅੰਡਰਵਾਟਰ ਟ੍ਰਾਂਸਮੀਟਰ ਵਰਗੇ ਖੇਤਰਾਂ ਵਿੱਚ ਸਹਿ-ਵਿਕਾਸ ਅਤੇ ਸਹਿ-ਉਤਪਾਦਨ ਲਈ ਉਤਸੁਕ ਹਨ।

ਰੱਖਿਆ ਮੰਤਰੀ ਨੇ ਨਰਿੰਦਰ ਮੋਦੀ ਦੀ ਅਗਵਾਈ ਵਿੱਚ 2047 ਤੱਕ ਵਿਕਸਤ ਰਾਸ਼ਟਰ ਬਣਨ ਦੀ ਭਾਰਤ ਦੀ ਪਰਿਵਰਤਨਕਾਰੀ ਯਾਤਰਾ 'ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਇਹ ਟੀਚਾ ਸਪੱਸ਼ਟ ਦ੍ਰਿਸ਼ਟੀਕੋਣ, ਮਜ਼ਬੂਤ ਨੀਤੀਗਤ ਦਿਸ਼ਾ ਅਤੇ 1.4 ਅਰਬ ਲੋਕਾਂ ਦੀਆਂ ਇੱਛਾਵਾਂ ਦੁਆਰਾ ਸਮਰਥਿਤ ਹੈ। "ਅਸੀਂ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਅਤੇ ਸਥਿਰ ਪ੍ਰਮੁੱਖ ਅਰਥਵਿਵਸਥਾਵਾਂ ਵਿੱਚੋਂ ਇੱਕ ਹਾਂ," ਉਨ੍ਹਾਂ ਕਿਹਾ।ਉਨ੍ਹਾਂ ਸਪੱਸ਼ਟ ਕੀਤਾ ਕਿ ਭਾਰਤ ਦੀ ਆਤਮ-ਨਿਰਭਰਤਾ ਦੀ ਨੀਤੀ ਅੰਤਰਮੁਖੀ ਨਹੀਂ ਹੈ, ਸਗੋਂ ਭਾਈਵਾਲੀ ਦੇ ਨਵੇਂ ਰਾਹ ਖੋਲ੍ਹਣ ਵਾਲੀ ਹੈ। ਉਨ੍ਹਾਂ ਕਿਹਾ ਕਿ "ਅਸੀਂ ਚਾਹੁੰਦੇ ਹਾਂ ਕਿ ਭਾਰਤ ਸਿਰਫ਼ ਰੱਖਿਆ ਉਪਕਰਣਾਂ ਦਾ ਖਰੀਦਦਾਰ ਹੀ ਨਾ ਰਹੇ, ਸਗੋਂ ਡਿਜ਼ਾਈਨ, ਵਿਕਾਸ ਅਤੇ ਉਤਪਾਦਨ ਵਿੱਚ ਭਾਈਵਾਲ ਬਣੇ"।

ਉਨ੍ਹਾਂ ਜ਼ੋਰ ਦਿੱਤਾ ਕਿ ਅੱਜ ਦੀ ਆਪਸ ਵਿੱਚ ਜੁੜੀ ਹੋਈ ਦੁਨੀਆ ਵਿੱਚ ਭਾਈਵਾਲੀ ਇੱਕ ਵਿਕਲਪ ਨਹੀਂ ਸਗੋਂ ਲੋੜ ਹੈ।ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ ਆਪਣੇ ਰੱਖਿਆ ਉਦਯੋਗਿਕ ਖੇਤਰ ਨੂੰ ਰਾਸ਼ਟਰੀ ਵਿਕਾਸ ਦੀ ਰਣਨੀਤੀ ਦੇ ਕੇਂਦਰ ਵਿੱਚ ਰੱਖਦਾ ਹੈ।

**Cee7News** **ਆਈਟੀ ਐਕਟ ਤਹਿਤ ਪੰਜਾਬ ਪੁਲੀਸ ਦੀ ਸਖ਼ਤੀ ਅਤੇ ਵੈੱਬ ਸੀਰੀਜ਼ ਨੂੰ ਬਲੌਕ ਕਰਨ ਦੀ ਕੀਤੀ ਗਈ ਮੰਗ**


# ਪੰਜਾਬ ਪੁਲੀਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹਵਾਲੇ ਨਾਲ ਵੀ ਇਸ ਵੈੱਬ ਸੀਰੀਜ਼ ਨੂੰ ਬੈਨ ਕਰਨ ਲਈ ਕਿਹਾ

ਪੰਜਾਬ ਪੁਲੀਸ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਵੈੱਬ ਸੀਰੀਜ਼ 'ਲਾਰੈਂਸ ਆਫ਼ ਪੰਜਾਬ 'ਤੇ ਪਾਬੰਦੀ ਲਗਾਏ ਜਾਣ ਦੀ ਮੰਗ ਕੀਤੀ ਹੈ। ਪੰਜਾਬ ਦੀ ਅਮਨ ਕਾਨੂੰਨ ਵਿਵਸਥਾ ਅਤੇ ਵਡੇਰੇ ਸਮਾਜਿਕ ਹਿੱਤਾਂ ਦੇ ਹਵਾਲੇ ਨਾਲ ਇਸ ਸੀਰੀਜ਼ ਦੀ ਪ੍ਰਚਾਰ ਸਮਗਰੀ ਨੂੰ ਓ ਟੀ ਟੀ ਪਲੇਟਫ਼ਾਰਮ 'ਤੇ ਬਲੌਕ ਕਰਨ ਲਈ ਪੱਤਰ ਲਿਖਿਆ ਹੈ। ਚੇਤੇ ਰਹੇ ਕਿ ਓ ਟੀ ਟੀ ਪਲੇਟਫ਼ਾਰਮ ਜ਼ੀ ਫਾਈਵ (ZEE5) 'ਤੇ 27 ਅਪਰੈਲ ਨੂੰ 'ਲਾਰੈਂਸ ਆਫ਼ ਪੰਜਾਬ' ਵੈੱਬ ਸੀਰੀਜ਼ ਰਿਲੀਜ਼ ਹੋ ਰਹੀ ਹੈ।

ਸਾਈਬਰ ਕ੍ਰਾਈਮ ਦੇ ਸਪੈਸ਼ਲ ਡੀਜੀਪੀ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਇਸ ਵੈੱਬ ਸੀਰੀਜ਼ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿੰਦਗੀ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਅਪਰਾਧਿਕ ਵਾਰਦਾਤਾਂ ਨੂੰ ਦਿਖਾਇਆ ਜਾਣਾ ਹੈ। ਇਸ ਸੀਰੀਜ਼ ਵਿੱਚ ਇਹ ਵੀ ਦਿਖਾਇਆ ਜਾਵੇਗਾ ਕਿ ਕਿਵੇਂ ਉਹ (ਲਾਰੈਂਸ) ਇੱਕ ਵਿਦਿਆਰਥੀ ਆਗੂ ਤੋਂ ਅਪਰਾਧ ਦੀ ਦੁਨੀਆ ਦੇ ਸਿਖਰ ਤੱਕ ਪਹੁੰਚਿਆ।ਪੱਤਰ 'ਚ ਕਿਹਾ ਗਿਆ ਹੈ ਕਿ ਇਸ ਵੈੱਬ ਸੀਰੀਜ਼ ਨੂੰ ਲੈ ਕੇ ਸਮਾਜ ਦੇ ਵੱਖ-ਵੱਖ ਵਰਗਾਂ 'ਚ ਤਿੱਖਾ ਪ੍ਰਤੀਕਰਮ ਹੈ ਅਤੇ ਵੈੱਬ ਸੀਰੀਜ਼ 'ਚ ਅਪਰਾਧ ਨੂੰ ਵਡਿਆਇਆ ਗਿਆ ਹੈ, ਜਿਸ ਦਾ ਨੌਜਵਾਨਾਂ 'ਤੇ ਮਾੜਾ ਅਸਰ ਪਵੇਗਾ। ਪੰਜਾਬ ਦੇ ਲੋਕਾਂ ਦੇ ਇਸ ਸੀਰੀਜ਼ ਖ਼ਿਲਾਫ਼ ਰੋਸ ਵਧਣ ਨਾਲ ਸੂਬੇ ਦੀ ਕਾਨੂੰਨ ਵਿਵਸਥਾ ਪ੍ਰਭਾਵਿਤ ਹੋ ਸਕਦੀ ਹੈ। ਪੰਜਾਬ ਪੁਲੀਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹਵਾਲੇ ਨਾਲ ਵੀ ਇਸ ਵੈੱਬ ਸੀਰੀਜ਼ ਨੂੰ ਬੈਨ ਕਰਨ ਲਈ ਕਿਹਾ ਹੈ। ਪੰਜਾਬ ਪੁਲੀਸ ਵੱਲੋਂ ਸੂਚਨਾ ਤਕਨਾਲੋਜੀ ਐਕਟ 2000 ਦੀ ਧਾਰਾ 69 ਏ (1) ਤਹਿਤ ਓ ਟੀ ਟੀ ਪਲੇਟਫ਼ਾਰਮ ਤੋਂ ਵੈੱਬ ਸੀਰੀਜ਼ ਨੂੰ ਪਬਲਿਕ ਪਹੁੰਚ ਲਈ ਬਲੌਕ ਕਰਨ ਦੀ ਬੇਨਤੀ ਕੀਤੀ ਗਈ ਹੈ।

ਚੇਤੇ ਰਹੇ ਕਿ ਇਸ ਵੈੱਬ ਸੀਰੀਜ਼ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਵੀ ਚੁਣੌਤੀ ਦਿੱਤੀ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਾਈ ਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕਰਕੇ ਹਾਈ ਕੋਰਟ ਦੇ ਦਾਖਲ ਦੀ ਮੰਗ ਕੀਤੀ ਹੈ। ਪੰਜਾਬ ਪੁਲੀਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹਵਾਲੇ ਨਾਲ ਵੀ ਇਸ ਵੈੱਬ ਸੀਰੀਜ਼ ਨੂੰ ਬੈਨ ਕਰਨ ਲਈ ਕਿਹਾ ਹੈ। ਪੰਜਾਬ ਪੁਲੀਸ ਵੱਲੋਂ ਸੂਚਨਾ ਤਕਨਾਲੋਜੀ ਐਕਟ 2000 ਦੀ ਧਾਰਾ 69 ਏ (1) ਤਹਿਤ ਓ ਟੀ ਟੀ ਪਲੇਟਫ਼ਾਰਮ ਤੋਂ ਵੈੱਬ ਸੀਰੀਜ਼ ਨੂੰ ਪਬਲਿਕ ਪਹੁੰਚ ਲਈ ਬਲੌਕ ਕਰਨ ਦੀ ਬੇਨਤੀ ਕੀਤੀ ਗਈ ਹੈ।

ਚੇਤੇ ਰਹੇ ਕਿ ਇਸ ਵੈੱਬ ਸੀਰੀਜ਼ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਵੀ ਚੁਣੌਤੀ ਦਿੱਤੀ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਾਈ ਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕਰਕੇ ਹਾਈ ਕੋਰਟ ਦੇ ਦਾਖਲ ਦੀ ਮੰਗ ਕੀਤੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਾਈ ਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕਰਕੇ ਹਾਈ ਕੋਰਟ ਦੇ ਦਾਖਲ ਦੀ ਮੰਗ ਕੀਤੀ ਹੈ। ਪੰਜਾਬ ਪੁਲੀਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹਵਾਲੇ ਨਾਲ ਵੀ ਇਸ ਵੈੱਬ ਸੀਰੀਜ਼ ਨੂੰ ਬੈਨ ਕਰਨ ਲਈ ਕਿਹਾ ਹੈ।




ਪੰਜਾਬ ਪੁਲੀਸ ਵੱਲੋਂ ਸੂਚਨਾ ਤਕਨਾਲੋਜੀ ਐਕਟ 2000 ਦੀ ਧਾਰਾ 69 ਏ (1) ਤਹਿਤ ਓ ਟੀ ਟੀ ਪਲੇਟਫ਼ਾਰਮ ਤੋਂ ਵੈੱਬ ਸੀਰੀਜ਼ ਨੂੰ ਪਬਲਿਕ ਪਹੁੰਚ ਲਈ ਬਲੌਕ ਕਰਨ ਦੀ ਬੇਨਤੀ ਕੀਤੀ ਗਈ ਹੈ।

ਚੇਤੇ ਰਹੇ ਕਿ ਇਸ ਵੈੱਬ ਸੀਰੀਜ਼ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਵੀ ਚੁਣੌਤੀ ਦਿੱਤੀ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਾਈ ਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕਰਕੇ ਹਾਈ ਕੋਰਟ ਦੇ ਦਾਖਲ ਦੀ ਮੰਗ ਕੀਤੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਾਈ ਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕਰਕੇ ਹਾਈ ਕੋਰਟ ਦੇ ਦਾਖਲ ਦੀ ਮੰਗ ਕੀਤੀ ਹੈ।ਪੰਜਾਬ ਪੁਲੀਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹਵਾਲੇ ਨਾਲ ਵੀ ਇਸ ਵੈੱਬ ਸੀਰੀਜ਼ ਨੂੰ ਬੈਨ ਕਰਨ ਲਈ ਕਿਹਾ ਹੈ। ਪੰਜਾਬ ਪੁਲੀਸ ਵੱਲੋਂ ਸੂਚਨਾ ਤਕਨਾਲੋਜੀ ਐਕਟ 2000 ਦੀ ਧਾਰਾ 69 ਏ (1) ਤਹਿਤ ਓ ਟੀ ਟੀ ਪਲੇਟਫ਼ਾਰਮ ਤੋਂ ਵੈੱਬ ਸੀਰੀਜ਼ ਨੂੰ ਪਬਲਿਕ ਪਹੁੰਚ ਲਈ ਬਲੌਕ ਕਰਨ ਦੀ ਬੇਨਤੀ ਕੀਤੀ ਗਈ ਹੈ।

ਚੇਤੇ ਰਹੇ ਕਿ ਇਸ ਵੈੱਬ ਸੀਰੀਜ਼ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਵੀ ਚੁਣੌਤੀ ਦਿੱਤੀ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਾਈ

# “ਜਵਾਬ ਤਾਂ ਬਣਦਾ ਹੈ“ ਘਰ ਵਿੱਚ ਛੁਪੇ ਨੇ ਗਦਾਰ ਧਿਆਨ ਦੇਣਾ ਬਣਦਾ ਹੈ



“ ਜਵਾਬ ਤਾਂ ਬਣਦਾ ਹੈ “
ਘਰ ਵਿੱਚ ਛੁਪੇ ਨੇ ਗਦਾਰ ਧਿਆਨ ਦੇਣਾ ਬਣਦਾ ਹੈ
ਆਪਣੀ ਪੀੜ੍ਹੀ ਹੇਠ ਸੋਟਾ ਮਾਰਨਾ ਬਣਦਾ ਹੈ।
ਅੱਤਵਾਦੀ,ਦਹਿਸ਼ਤਗਰਦ ਕੌਣ ਹੈ ਜਵਾਬ ਦੇਣਾ ਬਣਦਾ ਹੈ।
ਜਹਿਰੀਲੀ ਸ਼ਰਾਬ ਪੀ ਕੇ ਖੁਦਕਸ਼ੀ ਕਰਨ ਵਾਲਿਆਂ ਨੂੰ ਮੁਆਵਜ਼ੇ ਤੇ ਸਰਕਾਰੀ ਨੌਕਰੀ ਨਾਲ ਨਵਾਜਿਆ ਜਾ ਰਿਹਾ ਹੈ।ਪਿਛਲੀ ਸਰਕਾਰ ਵੀ ਅਜਿਹਾ ਹੀ ਕਰਦੀ ਰਹੀ ਹੈ।ਹਜ਼ਮ ਨਹੀਂ ਹੁੰਦਾ ਇਹ ਵਰਤਾਰਾ ਕਿ ਨਸ਼ਈਆਂ ਨੇ ਐਸਾ ਕੀ ਮਾਹਰਕਾ ਮਾਰਿਆ ਹੈ? ਇਸ ਤਰਾਂ ਤਾਂ ਫੇਰ ਇਹਨਾਂ ਨੂੰ ਵੀਰ ਚੱਕਰ ਤੇ ਪਦਮ ਭੂਸ਼ਨ ਨਾਲ ਇਨਾਮਿਆ ਜਾਣਾ ਬਣਦਾ ਹੈ।

ਸ਼ਰਾਬ ਦੇ ਕਾਰਖਾਨੇ ਥਾਂ ਥਾਂ ਹਨ ਤੇ ਸਕੂਲ ਕਾਲਜ ਮੈਡੀਕਲ ਕਾਲਜ ਹਸਪਤਾਲ ਪਸ਼ੂ ਹਸਪਤਾਲ ਕਿਤੇ ਕਿਤੇ ਬਸ ਦੋ ਚਾਰ ਹੀ ਹਨ, ਕਿਉਂ? ਜਵਾਬ ਤਾਂ ਬਣਦਾ ਹੈ -

ਚਿੱਟੇ ਨੇ ਲੱਖਾਂ ਪਰਿਵਾਰ ਨਾਸ ਕਰ ਦਿੱਤੇ ਉਹਨਾਂ ਦੇ ਮੁੜ ਵਸੇਬੇ ਬਾਰੇ ਦੋ ਬੋਲ ਵੀ ਨਹੀਂ ਬੋਲੇ ਗਏ ਕਿਉਂ?

ਪੁਲਵਾਮਾ ਤੇ ਪਹਿਲਗਾਮ ਦੇ ਵਾਰਸਾਂ ਦੀ ਬਾਤ ਵੀ ਨਹੀਂ ਪੁਛੀ ਗਈ। ਕਿਉਂ?ਬਸ ਪਾਕਿਸਤਾਨ ਤੇ ਮੜ੍ਹ ਕੇ ਖਾਨਾਪੂਰਤੀ ਕਰ ਲਈ।ਸਹੀ ਕਿਹਾ ਹੈ ਜਿਹਨੇ ਵੀ ਕਿਹਾ ਹੈ ਜਿੰਮੇਵਾਰਾਂ ਬਾਰੇ-

“ ਜੁਗਨੂਊਂ ਨੇ ਸ਼ਰਾਬ ਪੀ ਲੀ ਹੈ ਅਬ ਵੋ ਸੂਰਜ ਕੋ ਗਾਲੀਆਂ ਦੇਂਗੇ “॥

1-ਮਜ਼ੵਬ ਨਹੀਂ ਸਿਖਾਤਾ ਹੈ ਆਪਸ ਮੇਂ ਬੈਰ ਰਖਨਾ-ਇਸ ਨੂੰ ਉਲਟ ਕਿਸ ਨੇ ਕੀਤਾ ਜਵਾਬ ਦੇਣਾ ਬਣਦਾ ਹੈ।ਪਿਛਲੇ ਕਈ ਸਾਲ ਤੋਂ ਮਜ਼ੵਬ ਹੀ ਸਿਖਾਤਾ ਹੈ ਆਪਸ ਮੇਂ ਬੈਰ ਰਖਨਾ ਸਾਫ ਦਿਖਾਈ ਦੇ ਰਿਹਾ ਹੈ।

2-ਗਊ ਮਾਤਾ ਦੇ ਮਾਸ ਦੇ ਨਾਮ ਤੇ ਨਿਹੱਕੇ,ਨਿਰਦੋਸ਼,ਨਿਹੱਥੇ ਮੁਸਲਮਾਨ ਅਜਾਈਂ ਮਾਰ ਦਿਤੇ ਗਏ ਕਿਉਂ? ਕੀ ਇਹ ਅੱਤਵਾਦ ਦਹਿਸ਼ਤਗਰਦੀ ਨਹੀਂ ਜਵਾਬ ਦੇਣਾ ਬਣਦਾ ਹੈ।

3-ਗੈਰ ਹਿੰਦੂਆਂ ਦੇ ਵਸਦੇ ਘਰ ਥੇਹ ਕਰ ਦਿਤੇ ਗਏ ਕਿਉਂ ਜਵਾਬ ਦੇਣਾ ਬਣਦਾ ਹੈ।

4-ਅਪੋਜੀਸ਼ਨ ਦੇ ਮਗਰ ਈ ਡੀ ਲਾਈ ਗਈ। ਤਸੀਹੇ ਦਿੱਤੇ,ਕੈਦ ਕੀਤੇ ,ਬੰਦੀ ਬਣਾਏ -

5- ਮੀਡੀਆ ਜੁਡੀਸ਼ਰੀ ਤੇ ਚੋਣ ਕਮਿਸ਼ਨ ਆਪਣੇ ਕਬਜ਼ੇ ਵਿੱਚ ਕਰ ਲਏ ਕਿਉਂ?

6-ਪੱਤਰਕਾਰ,ਲਿਖਾਰੀ.ਕਵੀ ,ਸ਼ਾਇਰ ਮਾਰ ਦਿਤੇ ਗਏ ਕਿਉਂ

7-ਸੁਰੱਖਿਆ ਅਧਿਕਾਰੀ ਆਪਣੇ ਚਾਰੇ ਪਾਸੇ ਸੁਰੱਖਿਆ ਲਵਾ ਕੇ ਰੱਖਦੇ ਹਨ ਕਿਉਂ?

ਵਾੜ ਨੂੰ ਵਾੜ ਲੋੜੀਂਦੀ ਹੈ –ਕਿਉਂ?

8-ਉੱਚ ਵਰਗ ਦੇ ਕੋਲੋਂ ਬੋਰੀਆਂ ਚ ਨਕਦ ਨਰਾਇਣ ਹੈ ਤੇ ਮੱਧ ਵਰਗ ਵੀਹ ਹਜਾਰ ਦਾ ਨਕਦ ਲੈਣ ਦੇਣ ਨਹੀਂ ਕਰ ਸਕਦਾ-ਇਹ ਪਾਬੰਦੀ ਇਹ ਵਿਤਕਰਾ ਕਿਉਂ?

9-ਕਰਜੇ ਦੇ ਬਹਾਨੇ ਖਰਬਾਂ ਰੁਪਏ ਲੈ ਕੇ ਭਗੌੜੇ ਹੋ ਜਾਣਾ ਅੱਤਵਾਦ ਨਹੀਂ ਹੈ ਕਿਉਂ?

10-ਭਰਿਸ਼ਟਾਚਾਰ,ਰਿਸ਼ਵਤਖੋਰੀ ਹੇਰਾ ਫੇਰੀ ਲੁੱਟ ਡਾਕੇ ਅੱਤਵਾਦ ਹੀ ਤੇ ਹੈ ।

11-ਮੁਕਾਬਲੇ ਦੇ ਇਮਤਿਹਾਨ ਦਾ ਪ੍ਰਸ਼ਨ ਪੱਤਰ ਤੀਹ ਤੋਂ ਚਾਲੀ ਲੱਖ ਵਿੱਚ ਲੀਕ ਕਰਨਾ ਦਹਿਸ਼ਤਗਰਦੀ ਅੱਤਵਾਦ ਨਹੀਂ ਤਾਂ ਕੀ ਹੈ।

12-ਬਿਨਾਂ ਇਮਤਿਹਾਨ ਪਾਸ ਕੀਤੇ ਚੋਖਾ ਪੈਸਾ ਲੈ ਕੇ ਜਾਂ ਮੰਤਰੀ ਦੇ ਚਹੇਤੇ ਨੂੰ ਵੱਡੇ ਅਫਸਰ ਲਗਾ ਦੇਣਾ –ਕੀ ਹੈ?ਕਿਉਂ

13-ਵੋਟਰ ਦੇ ਬੁਨਿਆਦੀ ਹੱਕ ਸਿਆਸਤ ਦੇ ਕਬਜੇ ਵਿੱਚ ਹਨ ਕਿਉਂ?

14-ਆਮ ਆਦਮੀ ਦੇ ਸਾਹ ਸਿਆਸਤ ਨੇ ਸੂਤੇ ਹਨ ਕਿਉਂ?

15-80 ਕਰੋੜ ਨੂੰ ਭਰ ਪੇਟ ਖਾਣਾ ਨਹੀਂ ਤੇ ਮੰਤਰੀਆਂ ,ਅਫਸਰਾਂ ,ਠੇਕੇਦਾਰਾਂ ਦੀਆਂ ਦੀਵਾਰਾਂ ਸੋਨੇ ਚਾਂਦੀ ਦੀਆਂ ਇੱਟਾਂ ਨਾਲ ਲਬਰੇਜ਼ ਹਨ ਕਿਉਂ ਤੇ ਕਿਵੇਂ ?

16- ਕੀ ਸ਼ਾਇਰ ਵਰਵਰਾ ਰਾਓ,ਨਰਿੰਦਰ ਦੀਭੋਲਕਰ,(ਹਿੰਦੂ) ਦੀ ਮੌਤ ਬਾਰਡਰ ਪਾਰ ਤੋ ਆਈ ਸੀ?

17- ਕੀ ਗੌਰੀ ਲੰਕੇਸ਼ ਨੂੰ ਗੋਲੀਆਂ ਨਾਲ ਭੁੰਨਣ ਵਾਲੇ ਬਾਰਡਰ ਪਾਰ ਤੋਂ ਆਏ ਸੀ।?

18-ਕੀ ਮਿੱਗ-21-ਨਾਲ ਮਾਰੇ ਜਾਣ ਵਾਲੇ ਨੌਜਵਾਨ ਪਾਇਲਟਾਂ ਦੀ ਮੌਤ ਬਾਰਡਰ ਪਾਰ ਤੋਂ ਆਈ ਸੀ?

19-ਨੋਟਬੰਦੀ ਕਰ ਕੇ ਬੈਂਕਾਂ ਦੇ ਬੂਹੇ ਤੇ ਅਜਾਂਈ ਮੌਤ ਮਾਰਨਾ ਅੱਤਵਾਦ ਨਹੀਂ ਤਾਂ ਕੀ ਹੈ?

20-ਹਜਾਰਾਂ ਦੀ ਗਿਣਤੀ ਵਿੱਚ ਕਿਰਤੀ ਅਚਾਨਕ ਕਰੋਨਾ ਬੰਦ ਕਰਕੇ ਮੌਤ ਦੇ ਮੂੰਹ ਵਿੱਚ ਸੁੱਟ ਦਿਤੇ ,ਇਹ ਦਹਿਸ਼ਤਗਰਦੀ ਨਹੀਂ ਤਾਂ ਕੀ ਹੈ?

21-ਸਾਧਨ ਸੰਪਨ ਹੁੰਦੇ ਹੋਏ ਵੀ ਭੁੱਖ ਮਰੀ,ਬੇਰੁਜਗਾਰੀ,ਅਰਾਜਕਤਾ ਹੈ ਕਿਉਂ ?

22-ਚਿੱਟੇ ਵਾਲੀ ਕਾਲੀ ਥਾਰ ਦਹਿਸ਼ਤਗਰਦ ਨਹੀਂ ਗਰਦਾਨੀ ਕਿਉਂ?

23-ਸੇਬੀ ਵਾਲੀ ਮਾਧਵੀ ਪੁਰੀ ਸ਼ੇਅਰ ਹੋਲਡਰਜ਼ ਦੇ ਖਰਬਾਂ ਰੁਪਏ ਲੁਟ ਕੇ ਖੁਲੀ ਫਿਰਦੀ ਹੈ ਕਿਉਂ?

24-ਗੁਜਰਾਤ ਦਿਲੀ ਸ਼ਾਹਿਨ ਬਾਗ ਨੂੰ ਯਾਦ ਕਰੋ,ਅਤਿਵਾਦ ਹੀ ਅਤਵਾਦ ਹੈ।

25-ਕੁੰਭ ਦਾ ਮੇਲਾ ਕਾਂਵੜੀਆ ਯਾਤਰਾ ਮੇਲਾ,ਅਮਰਨਾਥ,ਕੇਦਾਰਨਾਥ ਵਿਖੇ ਹਰ ਸਾਲ ਹੁੰਦੀਆਂ ਮੌਤਾਂ ਕੀ ਬਾਰਡਰ ਪਾਰੋਂ ਆਉਂਦੀਆਂ ਹਨ।

26-ਭੋਲਾ,ਨਰਾਇਣਾਂ ਦੇ ਆਸ਼ਰਮਾਂ ਦੇ ਪ੍ਰਵਚਨ ਸੁਣਦੇ ਸੈਂਕੜੇ ਹਿੰਦੂ ਮਾਰੇ ਗਏ।ਇਹ ਖੂਨ ਖਰਾਬਾ ਕਿਉਂ? ਅਜੁੱਧਿਆ ਦੇ ਰਾਮ ਮੰਦਿਰ ਨੇ ਕਿੰਨੇ ਭਗਤ ਮਜਦੂਰ ਖਾ ਲਏ।

27-ਉੱਚ ਅਹੁਦੇ ਤੇ ਬਿਰਾਜਮਾਨ ਕਰਨਲ ਸੋਫੀਆ ਕੁਰੇਸ਼ੀ ਜੋ ਆਪਣੀ ਜਾਨ ਤਲੀ ਤੇ ਧਰ ਕੇ ਆਪਣਾ ਘਰ ਪਰਿਵਾਰ ਲਾਂਭੇ ਕਰ ਕੇ ਸਰਹੱਦ ਤੇ ਤਸੀਹਾ ਕੱਟਦੀ ਨੂੰ ਮੰਦੇ ਬੋਲ ਮਾਰਨ ਵਾਲਾ ਮੰਤਰੀ ਅਤਿਵਾਦੀ ਦਹਿਸ਼ਤਗਰਦ ਨਹੀਂ ਤਾਂ ਕੀ ਹੈ?

28- ਗੋਲਡ ਮੈਡਲਿਸਟ ਭਲਵਾਨ ਯੁਵਤੀਆਂ ਦਾ ਸੋਸ਼ਣ ਕਰਨ ਵਾਲਾ ਮੰਤਰੀ ਦਹਿਸ਼ਤਗਰਦ ਨਹੀਂ ਤਾਂ ਕੀ ਹੈ।

29-ਅੰਕਿਤ ਕੀਤਾ ਗਿਆ ਹੈ ਇਕ ਮਿੰਟ ਵਿੱਚ ਪੰਜ ਬਲਾਤਕਾਰ ਹੁੰਦੇ ਹਨ ਜਿਹਦੇ ਚੋਂ ਤਿੰਨ ਕਤਲ ਵੀ ਹੁੰਦੇ ਹਨ।ਇਹੋ ਵਿਕਾਸ ਹੋ ਰਿਹਾ ਹੈ। ਕੀ ਬਲਾਤਕਾਰੀ ਵੀ ਕਾਤਲ ਤੇ ਅਤਵਾਦੀ ਨਹੀਂ ਹਨ।?

30-ਇਹੋ ਜਿਹੇ ਗਦਾਰ ਬਹਾਦਰਾਂ ਨੂੰ ਬਾਰਡਰ ਤੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਨਹੀਂ ਭੇਜਿਆ ਜਾਂਦਾ -ਕਿਉਂ?

31-ਦੇਸ਼ ਵਿੱਚ 94000 ਸਕੂਲ ਬੰਦ ਕਰ ਦਿੱਤੇ ਗਏ ਹਨ, ਪੰਜਾਬ ਵਿੱਚ ਕੈਪਟਨ ਕਾਂਗਰਸ ਮੁਖਮੰਤਰੀ ਨੇ 700 ਸਕੂਲ ਬੰਦ ਕਰ ਦਿੱਤੇ ਸਨ,ਤਾਲੀਮ ਤੇ ਤਕਨੀਕ ਦੇ ਅਧੁਨਿਕ ਯੁੱਗ ਵਿੱਚ ਇਹ ਧੱਕੇਸ਼ਾਹੀ ਕਿਉਂ ? ਜਵਾਬ ਮੰਗਣਾ ਤਾਂ ਬਣਦਾ ਹੈ।

ਅਤਿਵਾਦੀ ਦਸ਼ਿਤਗਰਦ ਆਲੇ ਦੁਆਲੇ ਆਸਪਾਸ ਦਨਦਨਾਉਂਦੇ ਫਿਰਦੇ ਹਨ ਪਹਿਲਾਂ ਆਪਣੇ ਘਰ ਤੇ ਕਾਰਵਾਈ ਕਰਨੀ ਬਣਦੀ ਹੈ। ਘਰ ਦਾ ਭੇਤੀ ਲੰਕਾ ਢਾਹੇ ਉਸਨੂੰ ਕਾਬੂ ਕਰਨਾ ਬਣਦਾ ਹੈ। ਸੰਵੇਦਨਸ਼ੀਲਤਾ ਕੋਲ ਅਨੇਕਾਂ ਸਵਾਲ ਜਵਾਬਾਂ ਦੇ ਮੁੰਤਿਜ਼ਰ ਹਨ। ਜਵਾਬ ਤਾਂ ਬਣਦਾ ਹੈ।

ਸੱਠ ਬਾਹਠ ਵਰ੍ਹੇ ਪਹਿਲਾਂ ਇਸ ਗੀਤ ਵਿੱਚ ਗੀਤਕਾਰ ਨੇ ਸੰਕੇਤਕ ਜਵਾਬ ਦਿੱਤਾ ਸੀ-

“ ਆਤੀ ਹੈ ਆਵਾਜ਼ ਯਹੀ ਮੰਦਿਰ ਮਸਜਿਦ ਗੁਰਦਵਾਰੋਂ ਸੇ-
ਸੰਭਲ ਕੇ ਰਹਨਾ ਸੰਭਲ ਕੇ ਰਹਨਾ ਅਪਨੇ ਘਰ ਮੇਂ ਛਿਪੇਹੂਏ ਗਦਾਰੋਂ ਸੇ” ॥

ਰਣਜੀਤ ਕੌਰ ਗੁੱਡੀ ਤਰਨਤਾਰਨ

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਦੂਰੀਆਂ...**

ਜਿਆਦਾ ਦੂਰੀਆਂ ਵਧਣਾ ਖਤਰਨਾਕ ਹੁੰਦੈ। ਸ਼ੰਕਾਵਾਂ ਪੈਦਾ ਹੋਣ ਲੱਗ ਪੈਂਦੀਆਂ ਨੇ। ਭਰੋਸਗੀ ਨੂੰ ਲਗਾਤਾਰ ਖੋਰਾ ਲੱਗਦੈ। ਬੇਚੈਨੀ ਵੱਧ ਜਾਂਦੀ ਹੈ॥ ਜਿੱਥੇ ਪਿਆਰ ਮੁਹੱਬਤ, ਸਤਿਕਾਰ ਅਤੇ ਸਨਮਾਨ ਦੇ ਦਰਿਆ ਵਹਿੰਦੇ ਹੋਣ ਉੱਥੇ ਮਨਾਂ ਅੰਦਰ ਦੂਰੀਆਂ ਪੈਦਾ ਹੋਣ ਦੀ ਗੁੰਜ਼ਇਸ਼ ਘੱਟ ਹੁੰਦੀ ਹੈ॥ ਚੁਗਲੀਆਂ ਕਰਨ ਦੀ ਆਦਤ ਰੱਖੋਗੇ ਤਾਂ ਇੱਕ ਨਾ ਇੱਕ ਦਿਨ ਸਾਥੀਆਂ ਤੋਂ ਦੂਰੀਆਂ ਵੱਧਣ ਲੱਗ ਪੈਣਗੀਆਂ॥

**ਦਰਸ਼ਕ...**

ਪਰਫਾਰਮੈਂਸ ਕਰਦਿਆਂ ਦਰਸ਼ਕਾਂ ਦਾ ਲਗਾਤਾਰ ਮਿਲਦਾ ਹੁੰਗਾਰਾ ਸਟੇਜ ਦੇ ਮਹੌਲ ਨੂੰ ਸੰਜ਼ੀਦਗੀ ਦੀ ਸਿਖਰ ਤੱਕ ਲੈ ਹੀ ਜਾਂਦੈ॥ ਰਾਜਨੀਤਕ ਰੈਲੀਆਂ ਦੇ ਦਰਸ਼ਕ (ਵੋਟਰ/ਸਪੋਟਰ) ਅਤੇ ਕੱਠ ਕਰਨ ਵਾਲੇ ਨੇਤਾ ਇੱਕ ਦੁਸਰੇ ਨੂੰ ਮੂਰਖ ਬਨਾਉਣ ਤੋਂ ਵੱਧ ਕੁੱਝ ਨਹੀਂ ਕਰਦੇ। ਦੋਵੇਂ ਧਿਰਾਂ ਦੀ ਮੌਜ ਮਸਤੀ ਅਤੇ ਸੁਆਰਥ ਭਰੀਆਂ ਅਦਾਵਾਂ ਹੀ ਭਾਰੂ ਰਹਿੰਦੀਆਂ ਨੇ॥ ਜਗਤ ਤਮਾਸ਼ੇ 'ਚ ਖੁਭਣ ਦੀ ਬਜਾਏ ਖੁੱਦ ਨੂੰ ਦਰਸ਼ਕ ਤੇ ਐਕਟਰ ਸਮਝਣ ਵਾਲਾ ਜ਼ਿੰਦਗੀ ਦੇ ਸਫ਼ਰ ਦਾ ਆਨੰਦ ਖੂਬ ਲੈਂਦੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਮਹਾਰਾਸ਼ਟਰ ਵਿੱਚ ਇੱਕ ਸਾਧੂ ਸਨ, ਏਕਨਾਥ



ਉਨ੍ਹਾਂ ਕੋਲ ਇੱਕ ਵਿਅਕਤੀ ਬਹੁਤ ਦਿਨਾਂ ਤੱਕ ਆਉਂਦਾ ਰਿਹਾ। ਉਸ ਵਿਅਕਤੀ ਨੇ ਏਕਨਾਥ ਤੋਂ ਬਹੁਤ ਸਾਰੇ ਸਵਾਲ ਪੁੱਛੇ। ਇੱਕ ਵਾਰ ਉਸ ਨੇ ਇੱਕ ਅਜੀਬ ਜਿਹੀ ਗੱਲ ਏਕਨਾਥ ਤੋਂ ਪੁੱਛੀ; ਸਵੇਰ ਦਾ ਸਮਾਂ ਸੀ ਅਤੇ ਏਕਨਾਥ ਮੰਦਰ ਵਿੱਚ ਬੈਠੇ ਹੋਏ ਸਨ। ਉਸ ਨੌਜਵਾਨ ਨੇ ਆ ਕੇ ਪੁੱਛਿਆ ਕਿ ਮੈਂ ਤੁਹਾਨੂੰ ਜਾਣਦਾ ਹਾਂ, ਬਹੁਤ ਦਿਨਾਂ ਤੋਂ ਜਾਣਦਾ ਹਾਂ ਅਤੇ ਤੁਹਾਨੂੰ ਜਾਣ ਕੇ ਮੇਰੇ ਮਨ ਵਿੱਚ ਕਈ ਤਰ੍ਹਾਂ ਦੇ ਵਿਚਾਰ ਉੱਠਦੇ ਹਨ, ਸਵਾਲ ਉੱਠਦੇ ਹਨ। ਇੱਕ ਸਵਾਲ ਮੈਂ ਹਮੇਸ਼ਾ ਛੁਪਾ ਲੈਂਦਾ ਹਾਂ, ਪੁੱਛਦਾ ਨਹੀਂ ਹਾਂ, ਉਹ ਮੈਂ ਅੱਜ ਪੁੱਛਣਾ ਚਾਹੁੰਦਾ ਹਾਂ।

ਏਕਨਾਥ ਨੇ ਕਿਹਾ, "ਕੀ ਗੱਲ ਹੈ, ਪੁੱਛੋ?" ਉਸ ਨੌਜਵਾਨ ਨੇ ਕਿਹਾ, "ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਾਹਰੋਂ ਤਾਂ ਤੁਹਾਡਾ ਜੀਵਨ ਬਿਲਕੁਲ ਪਵਿੱਤਰ ਹੈ, ਪਰ ਕੀ ਅੰਦਰ ਵੀ ਪਵਿੱਤਰਤਾ ਹੈ ਜਾਂ ਨਹੀਂ? ਤੁਸੀਂ ਬਾਹਰੋਂ ਤਾਂ ਬਿਲਕੁਲ ਰੱਬੀ ਤੇ ਦੈਵੀ ਰੂਪ ਜਾਪਦੇ ਹੋ, ਪਰ ਅੰਦਰ ਕੀ ਹੈ? ਮੈਂ ਅੰਦਰਲੇ ਪੱਖ ਬਾਰੇ ਕੁਝ ਪੁੱਛਣਾ ਚਾਹੁੰਦਾ ਹਾਂ। ਤੁਹਾਡੇ ਅੰਦਰ ਪਾਪ ਦੇ ਵਿਚਾਰ ਉੱਠਦੇ ਹਨ ਜਾਂ ਨਹੀਂ? ਤੁਹਾਡੇ ਅੰਦਰ ਬੁਰਾਈਆਂ ਪੈਦਾ ਹੁੰਦੀਆਂ ਹਨ ਜਾਂ ਨਹੀਂ? ਤੁਹਾਡੇ ਅੰਦਰ ਵਿਕਾਰ ਪੈਦਾ ਹੁੰਦੇ ਹਨ ਜਾਂ ਨਹੀਂ?"

ਏਕਨਾਥ ਜੀ ਨੇ ਕਿਹਾ, "ਮੈਂ ਹੁਣੇ ਦੱਸਦਾ ਹਾਂ, ਪਰ ਪਹਿਲਾਂ ਇੱਕ ਹੋਰ ਜ਼ਰੂਰੀ ਗੱਲ ਤੈਨੂੰ ਦੱਸ ਦੇਵਾਂ, ਕਿਤੇ ਗੱਲਾਂ-ਗੱਲਾਂ 'ਚ ਮੈਨੂੰ ਭੁੱਲ ਹੀ ਨਾ ਜਾਵੇ।

ਕੱਲ੍ਹ ਅਚਾਨਕ ਮੈਂ ਤੇਰਾ ਹੱਥ ਦੇਖ ਲਿਆ ਸੀ ਤਾਂ ਮੈਨੂੰ ਦਿਖਾਈ ਦਿੱਤਾ ਕਿ ਤੇਰੀ ਮੌਤ ਨੇੜੇ ਆ ਗਈ ਹੈ। ਸੱਤ ਦਿਨ ਬਚੇ ਹਨ, ਸੱਤ ਦਿਨਾਂ ਬਾਅਦ ਤੂੰ ਮਰ ਜਾਵੇਂਗਾ। ਮੈਨੂੰ ਲੱਗਾ ਮੈਂ ਤੈਨੂੰ ਇਹ ਗੱਲ ਪਹਿਲਾਂ ਦੱਸ ਦੇਵਾਂ ਤੇ ਫਿਰ ਤੇਰੇ ਸਵਾਲ ਦਾ ਜਵਾਬ ਦਿੰਦਾ ਹਾਂ, ਤਾਂ ਜੋ ਕਿਤੇ ਮੈਂ ਭੁੱਲ ਨਾ ਜਾਵਾਂ।"

ਫਿਰ ਏਕਨਾਥ ਨੇ ਕਿਹਾ, "ਹੁਣ ਪੁੱਛ ਤੂੰ ਕੀ ਪੁੱਛਦਾ ਹੈਂ?"

ਉਹ ਨੌਜਵਾਨ ਜੋ ਬੈਠਾ ਸੀ, ਇੱਕਦਮ ਖੜ੍ਹਾ ਹੋ ਗਿਆ। ਉਸ ਨੇ ਕਿਹਾ, "ਜੇ ਮੌਕਾ ਮਿਲਿਆ ਤਾਂ ਮੈਂ ਕੱਲ੍ਹ ਆਵਾਂਗਾ।" ਉਸ ਦੇ ਹੱਥ-ਪੈਰ ਕੰਬਣ ਲੱਗੇ। ਏਕਨਾਥ ਜੀ ਨੇ ਪੁੱਛਿਆ, "ਇੰਨੀ ਜਲਦੀ ਕੀ ਹੈ, ਅਜੇ ਸੱਤ ਦਿਨ ਪਏ ਹਨ, ਬਹੁਤ ਸਮਾਂ ਹੈ, ਇੰਨੀ ਘਬਰਾਹਟ ਕਿਉਂ? ਤੇ ਮਰਨਾ ਤਾਂ ਸਭ ਨੂੰ ਪੈਂਦਾ ਹੀ ਹੈ।" ਪਰ ਉਹ ਨੌਜਵਾਨ ਹੁਣ ਏਕਨਾਥ ਦੀਆਂ ਗੱਲਾਂ ਨਹੀਂ ਸੁਣ ਰਿਹਾ ਸੀ। ਉਸ ਨੇ ਪਿੱਠ ਫੇਰ ਲਈ ਅਤੇ ਮੰਦਰ ਦੀਆਂ ਪੌੜੀਆਂ ਉਤਰਨ ਲੱਗਾ।

ਅਜੇ ਜਦੋਂ ਉਹ ਆਇਆ ਸੀ ਤਾਂ ਪੈਰਾਂ ਵਿੱਚ ਇੱਕ ਬਲ ਸੀ, ਇੱਕ ਸ਼ਕਤੀ ਸੀ। ਹੁਣ ਜਦੋਂ ਉਹ ਵਾਪਸ ਜਾ ਰਿਹਾ ਸੀ ਤਾਂ ਕੰਧ ਦਾ ਸਹਾਰਾ ਲੈ ਕੇ ਜਾ ਰਿਹਾ ਸੀ। ਜਿਸ ਦੀ ਮੌਤ ਸੱਤ ਦਿਨਾਂ ਬਾਅਦ ਹੋਣੀ ਹੈ, ਉਹ ਤਾਂ ਜਿਵੇਂ ਹੁਣੇ ਬੁੱਢਾ ਹੋ ਗਿਆ। ਪੌੜੀਆਂ ਉਤਰਦਿਆਂ ਉਸ ਦੇ ਪੈਰ ਕੰਬਣ ਲੱਗੇ ਅਤੇ ਰਸਤੇ ਵਿੱਚ ਹੀ ਡਿੱਗ ਪਿਆ।

ਬੇਹੋਸ਼ ਹੋ ਗਿਆ, ਲੋਕਾਂ ਨੇ ਉਸ ਨੂੰ ਚੁੱਕਿਆ ਅਤੇ ਘਰ ਪਹੁੰਚਾਇਆ। ਉਸ ਦੇ ਰਿਸ਼ਤੇਦਾਰ ਅਤੇ ਦੋਸਤ ਇਕੱਠੇ ਹੋ ਗਏ, ਚਾਰੇ ਪਾਸੇ ਖ਼ਬਰ ਫੈਲ ਗਈ ਕਿ ਉਹ ਆਦਮੀ ਹੁਣ ਮੌਤ ਦੇ ਕਰੀਬ ਹੈ। ਸੱਤ ਦਿਨਾਂ ਬਾਅਦ ਉਸ ਦੀ ਮੌਤ ਹੋ ਜਾਵੇਗੀ।

ਸੱਤਵੇਂ ਦਿਨ ਸ਼ਾਮ ਨੂੰ ਜਦੋਂ ਸੂਰਜ ਡੁੱਬਣ ਵਾਲਾ ਸੀ ਅਤੇ ਘਰ ਦੇ ਸਾਰੇ ਲੋਕ ਰੋ ਰਹੇ ਸਨ, ਗੁਆਂਢੀ, ਰਿਸ਼ਤੇਦਾਰ ਇਕੱਠੇ ਸਨ ਅਤੇ ਉਹ ਨੌਜਵਾਨ ਬਿਸਤਰ 'ਤੇ ਲੇਟਿਆ ਹੋਇਆ ਸੀ। ਏਕਨਾਥ ਉਸ ਦੇ ਘਰ ਗਏ। ਉਹ ਜਦੋਂ ਅੰਦਰ ਪਹੁੰਚੇ ਤਾਂ ਉੱਥੇ ਪੂਰਾ ਮਾਤਮ ਦਾ ਮਾਹੌਲ ਸੀ। ਸਾਰੇ ਲੋਕ ਉਨ੍ਹਾਂ ਨੂੰ ਦੇਖ ਕੇ ਹੋਰ ਉੱਚੀ ਉੱਚੀ ਰੋਣ ਲੱਗੇ।

ਏਕਨਾਥ ਨੇ ਕਿਹਾ, "ਰੋਵੋ ਨਾ, ਮੈਨੂੰ ਜ਼ਰਾ ਅੰਦਰ ਲੈ ਚੱਲੋ।" ਉਹ ਅੰਦਰ ਗਏ ਅਤੇ ਉਸ ਵਿਅਕਤੀ ਨੂੰ ਹਿਲਾ ਕੇ ਪੁੱਛਿਆ, "ਮੇਰੇ ਦੋਸਤ, ਇੱਕ ਗੱਲ ਪੁੱਛਣ ਆਇਆ ਹਾਂ, ਇਹਨਾਂ ਸੱਤ ਦਿਨਾਂ ਵਿੱਚ ਕੋਈ ਪਾਪ ਤੇਰੇ ਅੰਦਰ ਉੱਠਿਆ? ਕੋਈ ਬੁਰਾਈ, ਕੋਈ ਵਿਕਾਰ?" ਉਸ ਆਦਮੀ ਨੇ ਬੜੀ ਮੁਸ਼ਕਲ ਨਾਲ ਅੱਖਾਂ ਖੋਲ੍ਹੀਆਂ ਅਤੇ ਕਿਹਾ, "ਤੁਸੀਂ ਵੀ ਕੀ ਇੱਕ ਮਰਦੇ ਹੋਏ ਆਦਮੀ ਨਾਲ ਮਜ਼ਾਕ ਕਰ ਰਹੇ ਹੋ?"

ਤਾਂ ਏਕਨਾਥ ਜੀ ਨੇ ਕਿਹਾ, "ਤੂੰ ਵੀ ਇੱਕ ਮਰਦੇ ਹੋਏ ਆਦਮੀ ਨਾਲ ਮਜ਼ਾਕ ਕੀਤਾ ਸੀ। ਤੇਰੀ ਮੌਤ ਅਜੇ ਨਹੀਂ ਆਈ, ਇਹ ਤਾਂ ਮੈਂ ਤੇਰੇ ਸਵਾਲ ਦਾ ਜਵਾਬ ਦਿੱਤਾ ਹੈ।"

ਜਿਸ ਨੂੰ ਮੌਤ ਦਿਖਾਈ ਦੇਣ ਲੱਗ ਪਵੇ, ਉਸ ਦੇ ਅੰਦਰੋਂ ਪਾਪ ਉੱਠਣੇ ਆਪਣੇ-ਆਪ ਬੰਦ ਹੋ ਜਾਂਦੇ ਹਨ। ਵਿਕਾਰ ਸਿਫ਼ਰ ਹੋ ਜਾਂਦੇ ਹਨ। ਜਿਸ ਨੂੰ ਮੌਤ ਦਿਖਾਈ ਦੇਣ ਲੱਗੇ, ਉਸ ਦੇ ਅੰਦਰ ਇੱਕ ਕ੍ਰਾਂਤੀ ਹੋ ਜਾਂਦੀ ਹੈ। ਉਸ ਦੀ ਸੰਸਾਰ ਵੱਲੋਂ ਪਿੱਠ ਹੋ ਜਾਂਦੀ ਹੈ ਅਤੇ ਪਰਮਾਤਮਾ ਵੱਲ ਉਸ ਦਾ ਮੂੰਹ ਹੋ ਜਾਂਦਾ ਹੈ।

ਏਕਨਾਥ ਨੇ ਕਿਹਾ, "ਤੇਰੀ ਮੌਤ ਅਜੇ ਨਹੀਂ ਆਈ, ਮੈਂ ਤੇਰੇ ਸਵਾਲ ਦਾ ਜਵਾਬ ਦਿੱਤਾ ਹੈ। ਤੂੰ ਉੱਠ, ਘਬਰਾ ਨਾ।" ਏਕਨਾਥ ਨੇ ਅੱਗੇ ਕਿਹਾ ਕਿ ਮੌਤ ਸੱਤ ਦਿਨਾਂ ਬਾਅਦ ਹੋਵੇ, ਜਾਂ ਸੱਤ ਸਾਲਾਂ ਬਾਅਦ, ਜਾਂ ਸੱਤਰ ਸਾਲਾਂ ਬਾਅਦ, ਕੀ ਫਰਕ ਪੈਂਦਾ ਹੈ?

ਮੌਤ ਦਾ ਖ਼ਿਆਲ ਹੋਣਾ ਹੀ ਕਾਫ਼ੀ ਹੈ, ਦਿਨਾਂ ਦੀ ਗਿਣਤੀ ਨਾਲ ਕੋਈ ਫਰਕ ਨਹੀਂ ਪੈਂਦਾ। ਮੌਤ ਦਾ ਹੋਣਾ ਹੀ ਅਰਥਪੂਰਨ ਹੈ, ਦਿਨਾਂ ਦੀ ਗਿਣਤੀ ਕੋਈ ਮਾਇਨੇ ਨਹੀਂ ਰੱਖਦੀ।

ਏਕਨਾਥ ਨੇ ਕਿਹਾ, "ਮੌਤ ਹੈ, ਜਿਸ ਦਿਨ ਮੈਨੂੰ ਇਹ ਪਤਾ ਲੱਗ ਗਿਆ, ਉਸੇ ਦਿਨ ਜੀਵਨ ਵਿੱਚ ਕ੍ਰਾਂਤੀ ਆ ਗਈ। ਉਸੇ ਦਿਨ ਮੈਂ ਦੂਜਾ ਆਦਮੀ ਹੋ ਗਿਆ।"

ਸਾਨੂੰ ਸਾਰਿਆਂ ਨੂੰ ਇਹ ਪਤਾ ਨਹੀਂ ਹੈ ਕਿ ਮੌਤ ਹੈ। ਹਾਲਾਂਕਿ ਅਸੀਂ ਦੇਖਦੇ ਹਾਂ ਕਿ ਮੌਤ ਵਾਪਰਦੀ ਹੈ, ਪਰ ਸਾਨੂੰ ਇਹ ਅਹਿਸਾਸ ਨਹੀਂ ਹੈ ਕਿ ਮੌਤ ਹੈ। ਜੇਕਰ ਸਾਨੂੰ ਪਤਾ ਹੋਵੇ ਕਿ ਮੌਤ ਯਕੀਨੀ ਹੈ, ਤਾਂ ਸਾਡੇ ਅੰਦਰ ਜੀਵਨ ਨੂੰ ਜਾਣਨ ਦੀ ਪਿਆਸ ਪੈਦਾ ਹੋ ਜਾਵੇਗੀ।

— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ




Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਬਾਬਾ ਬੰਦਾ ਬਹਾਦਰ ਅਕੈਡਮੀ ਜੰਡੋਕੇ ਸਰਹਾਲੀ ਵਿੱਚ ਧਰਤੀ ਦਿਵਸ ਮਨਾਇਆ



## ਮਨੁੱਖ ਸਰਮਾਇਆ ਇਕੱਠਾ ਕਰਨ ਲਈ ਕੁਦਰਤੀ ਦਾਤਾਂ ਦਾ ਕਰ ਰਿਹਾ ਵਿਨਾਸ਼-ਪ੍ਰਿੰ. ਪ੍ਰਭਸ਼ਰਨ ਕੋਰ

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ : 22 ਅਪ੍ਰੈਲ

ਬਾਬਾ ਬੰਦਾ ਬਹਾਦਰ ਅਕੈਡਮੀ ਜੰਡੋਕੇ ਸਰਹਾਲੀ ਵਿਖੇ ਵਿਸ਼ਵ ਧਰਤੀ ਦਿੱਤੀ ਮਨਾਇਆ ਗਿਆ। ਸਵੇਰੇ ਦੀ ਸਭਾ ਵਿਚ ਬੱਚਿਆ ਵੱਲੋਂ ਧਰਤੀ ਨੂੰ ਪ੍ਰਦੂਸ਼ਣ ਤੋਂ ਮੁਕਤ ਕਰਨ ਅਤੇ ਵਾਤਾਵਰਣ ਦੀ ਸੰਭਾਲ ਸਬੰਧੀ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਗਏ। ਇਸ ਉਪਰੰਤ ਅਧਿਆਪਕਾਂ ਵਲੋਂ ਧਰਤੀ ਦਿਵਸ ਮਨਾਉਣ ਦੇ ਇਤਿਹਾਸਿਕ ਕਾਰਨ ਸਬੰਧੀ ਵਿਦਿਆਰਥੀਆਂ ਨੂੰ ਦੱਸਿਆ ਗਿਆ। ਉਨ੍ਹਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਧਰਤੀ 'ਤੇ ਜੀਵਨ ਸ਼ੁਰੂ ਹੋਇਆ ਅਤੇ ਮਹਾਨ ਲੋਕਾਂ ਨੇ ਕੁਦਰਤੀ ਗੋਦ ਵਿਚ ਬੈਠ ਕੇ ਮਹਾਨ ਗ੍ਰੰਥਾਂ ਦੀ ਰਚਨਾ ਕੀਤੀ ਜੋ ਸਮਾਜ ਲਈ ਰਾਹ ਦਸੇਰਾ ਬਣੇ ।ਪਰ ਅੱਜ ਦਾ ਮਨੁੱਖ ਸਰਮਾਇਆ ਇਕੱਠਾ ਕਰਨ ਦੀ ਦੋੜ ਵਿਚ ਕੁਦਰਤੀ ਦਾਤਾਂ ਦਾ ਵਿਨਾਸ਼ ਕਰ ਰਿਹਾ ਹੈ, ਉਹ ਜਿਸ ਟਹਿਣੀ 'ਤੇ ਬੈਠਾ ਹੈ, ਉਸ ਨੂੰ ਹੀ ਵੱਢੀ ਜਾ ਰਿਹਾ ਹੈ। ਵਿਦਿਆਰਥੀਆ ਦੇ ਵਾਤਾਵਰਣ ਦੀ ਸੰਭਾਲ ਨੂੰ ਦਰਸਾਉਂਦੇ ਚਾਰਟ ਮੁਕਾਬਲੇ ਕਰਵਾਏ। ਅਧਿਆਪਕਾਂ ਅਤੇ ਬੱਚਿਆਂ ਵੱਲੋਂ ਸਕੂਲ ਵਿਚ ਬੂਟੇ ਲਗਾਕੇ ਵਾਤਾਵਰਣ ਸੰਭਾਲ ਲਈ ਚੰਗਾ ਸੁਨੇਹਾ ਦਿੱਤਾ। ਸ੍ਰੀ ਮਤੀ ਪ੍ਰਭਸ਼ਰਨ ਕੌਰ ਪ੍ਰਿੰਸੀਪਲ ਨੇ ਕਿਹਾ ਕਿ ਅੱਜ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਲਈ ਸਭਨੂੰ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਸ਼ੁੱਧ ਵਾਤਾਵਰਨ ਕਾਰਨ ਹੀ ਸਭ ਜੀਵਾਂ ਦੀ ਹੋਂਦ ਸੰਭਵ ਹੈ। ਇਸ ਮੌਕੇ ਦਲਜੀਤ ਸਿੰਘ ਸ਼ੇਰੋਂ , ਰਜਵੰਤ ਕੌਰ ਸੇਰੋਂ ,ਸੁਖਵਿੰਦਰ ਕੌਰ ਪੰਨੂੰ ਕਮੇਟੀ ਮੈਂਬਰ,ਰਜਿੰਦਰ ਕੌਰ ਬਰਾੜ , ਮਨਪ੍ਰੀਤ ਮੈਡਮ, ਜਗਜੋਤ ਸਿੰਘ ਤੋਂ ਇਲਾਵਾ ਦਰਖਤ ਲਗਾਉਣ ਮੁਕਾਬਲੇ ਵਿਚ ਸਿਮਰਨਜੀਤ ਕੌਰ ਮਨਜੋਤ ਕੌਰ ਅਵਨੀਤ ਕੌਰ ਸਿਮਰਜੀਤ ਕੌਰ ਖੁਸ਼ਦੀਪ ਕੌਰ ਅਭਿਨੂਰਕੋਰ, ਗੁਰਸੀਰਤ ਕੌਰ,ਗਗਨਦੀਪ ਕੌਰ,ਅਰਸ਼ਪ੍ਰੀਤ ਕੌਰ, ਏਕਨੂਰ ਸਿੰਘ ਅਵੀ ਜੋਤ ਸਿੰਘ, ਅਤੇ ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਸੁਮਨਦੀਪ ਕੌਰ ,ਗੁਰਜੋਤ ਸਿੰਘ ,ਸੁਖਮਨਪ੍ਰੀਤ ਕੌਰ ,ਅਨਮੋਲ ਪ੍ਰੀਤ ਕੌਰ ,ਲਵਲੀਨ ਕੌਰ ,ਨਵਨੀਤ ਕੌਰ ,ਮਹਿਕਪ੍ਰੀਤ ਕੌਰ ਆਦਿ ਵਿਦਿਆਰਥੀਆਂ ਨੇ ਭਾਗ ਲਿਆ। ਇੰਜ ਧਰਤੀ ਦਿਵਸ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਅੰਦਰ ਧਰਤੀ ਦੀ ਸੁਰੱਖਿਆ ਪ੍ਰਤੀ ਅਪਣੀ ਜ਼ੁਮੇਵਾਰੀਆਂ ਨਿਭਾਉਣ ਲਈ ਸੰਦੇਸ਼ ਦਿੱਤਾ ਗਿਆ। ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।

# ਸਾਉਣੀ ਫ਼ਸਲ ਝੋਨੇ ਦੀ ਲਵਾਈ ਲਈ 86 ਫ਼ੀਸਦੀ ਨਹਿਰੀ ਪਾਣੀ ਸਿੰਚਾਈ ਦਾ ਮਾਨ ਸਰਕਾਰ ਸਿਰਜੇਗੀ ਇਤਿਹਾਸ



ਆਪ ਦੇ ਸੂਬਾਈ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸੜਕਾਂ ਦੇ ਨੀਂਹ ਪੱਥਰ ਰੱਖਣ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣਨ ਮੌਕੇ ਹੋਰਾਂ ਨਾਲ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 23 ਅਪ੍ਰੈਲ

ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੰਡੀਆਂ ਚ ਪੁੱਜ ਰਹੀ ਹਾੜ੍ਹੀ ਦੀ ਮੁੱਖ ਫ਼ਸਲ ਕਣਕ ਦੇ ਇੱਕ ਇੱਕ ਦਾਣੇ ਦੀ ਨਿਰੰਤਰ ਸਰਕਾਰੀ ਖ੍ਰੀਦ ਲਈ ਜੰਗੀ ਪੱਧਰ 'ਤੇ ਜਾਰੀ ਪ੍ਰਕ੍ਰਿਆ ਦੇ ਨਾਲ ਹੁਣ ਅੰਨ ਉਤਪਾਦਕਾਂ/ ਕਿਸਾਨਾਂ ਦੇ ਫੌਰੀ ਅਗਲੇ ਫ਼ਿਕਰ ਸਾਉਣੀ ਦੀ ਮੁੱਖ ਫ਼ਸਲ ਝੋਨੇ/ਪਲਮਲ/ ਬਾਸਮਤੀ ਦੀ ਸਿੰਚਾਈ ਤੇ ਰਸਾਇਣਕ ਖਾਦਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਬਕਾਇਦਾ ਪੁਖ਼ਤਾ ਪ੍ਰਬੰਧ ਕਰ ਲਏ ਹਨ, ਜਿਸ ਤਹਿਤ ਸਾਲ 2022 ਤੋਂ ਮਾਨ ਸਰਕਾਰ ਨੇ ਚਾਰ ਸਾਲ ਚ 6700 ਕਰੋੜ ਰੁਪਏ ਦੀ ਲਾਗਤ ਨਾਲ ਨਹਿਰਾਂ, ਖਾਲਿਆਂ, ਰਾਜਬਹਿਆਂ ਦਾ ਨਵੀਨੀਕਰਨ ਕਰਕੇ ਧਰਤੀ ਹੇਠਲੇ ਪਾਣੀ ਦੀ ਬੱਚਤ ਲਈ ਪੰਜਾਬ ਦੇ ਇਤਿਹਾਸ ਚ ਹੁਣ ਤੱਕ ਦਾ ਨਵਾਂ ਕ੍ਰਾਂਤੀਕਾਰੀ ਮੀਲ ਪੱਥਰ ਸਥਾਪਿਤ ਕਰ ਦਿੱਤਾ ਹੈ। ਮਾਨ ਸਰਕਾਰ ਦੇ ਕਾਰਜਭਾਰ ਸੰਭਾਲਣ ਤੋਂ ਪਹਿਲਾਂ ਨਹਿਰੀ ਪਾਣੀ ਸਿੰਚਾਈ ਹੇਠਲੇ ਕੁੱਲ ਕਰੀਬ 76 ਲੱਖ ਏਕੜ ਰਕਬੇ ਚੋਂ ਸਿਰਫ 21 ਫ਼ੀਸਦ ਰਕਬੇ ਦੀ ਸਿੰਚਾਈ ਹੁੰਦੀ ਸੀ ਅਤੇ ਇਸ ਵੇਰਾਂ ਸਾਉਣੀ ਫ਼ਸਲ ਚ 86 ਫ਼ੀਸਦ ਰਕਬਾ ਨਹਿਰੀ ਪਾਣੀ ਸਿੰਚਾਈ ਦਾ ਟੀਚਾ ਹਾਸਲ ਕਰਨ ਜਾ ਰਿਹਾ ਹੈ।ਪਿਛਲੀ ਸਾਉਣੀ ਫਸਲ ਚ ਮਾਨ ਸਰਕਾਰ ਵੱਲੋਂ ਨਹਿਰੀ ਪਾਣੀ 76 ਫ਼ੀਸਦ ਰਕਬੇ ਦਾ ਟੀਚਾ ਹਾਸਲ ਕਰਨ ਦਾ ਰਿਕਾਰਡ ਕਾਇਮ ਕੀਤਾ ਸੀ।

ਸ. ਧਾਲੀਵਾਲ ਨੇ ਅੱਜ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰੀਬ 85 ਲੱਖ ਰੁਪਏ ਦੀ ਲਾਗਤ ਨਾਲ ਹਲਕੇ ਦੇ ਪਿੰਡ ਹਾਸ਼ਮਪੁਰਾ ਤੋਂ ਬਰਲਾਸ ਵੱਖ ਵੱਖ ਪਿੰਡਾਂ ਨੂੰ ਮੇਲਵੀਂ 6 ਕਿਲੋਮੀਟਰ ਲੰਬੀ ਤੇ ਰਮਦਾਸ ਤੋਂ ਗਾਲਬ ਵੱਖ ਵੱਖ ਪਿੰਡਾਂ ਨੂੰ ਜੋੜਦੀ 18 ਕਿਲੋਮੀਟਰ ਲੰਬੀ ਸੜਕਾਂ ਦੇ ਨਵ ਨਿਰਮਾਣ ਕਾਰਜਾਂ ਦੇ ਨੀਂਹ ਪੱਥਰ ਰੱਖਣ ਮੌਕੇ ਸਮਾਗਮਾਂ ਨੂੰ ਸੰਬੋਧਨ ਕਰਨ ਅਤੇ ਮੌਕੇ ਤੇ ਮੌਜੂਦ ਕਿਸਾਨਾਂ ਦੀਆਂ ਸਮੱਸਿਆਵਾਂ ਸੁਣਨ ਦੌਰਾਨ ਕੀਤਾ। ਸ ਧਾਲੀਵਾਲ ਨੇ ਸਪਸ਼ਟ ਕੀਤਾ ਕਿ ਨਹਿਰੀ ਪਾਣੀ ਨਾਲ ਖੇਤੀ ਰਕਬੇ ਦੀ ਸਿੰਚਾਈ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਹੋਣ ਦੇ ਮਾਨ ਸਰਕਾਰ ਵਲੋਂ ਸਿਰਜੇ ਇਤਿਹਾਸ ਦੀ ਸ਼ਲਾਘਾ ਲੋਕ ਸਭਾ ਸੈਸ਼ਨ ਚ ਕੇਂਦਰੀ ਜਲ ਮੰਤਰੀ ਵੱਲੋਂ ਕਰਦਿਆਂ ਹੋਰਨਾਂ ਸੂਬਿਆਂ ਨੂੰ ਵੀ ਪੰਜਾਬ ਦੀ ਇਸ ਨੀਤੀ ਤੋਂ ਪ੍ਰੇਰਨਾ ਲੈਣ ਦੀ ਸਲਾਹ ਦਿੱਤੀ ਸੀ ਪਰ ਪੰਜਾਬ ਪ੍ਰਤੀ ਹੋਰਨਾਂ ਹੱਕੀ ਮਾਮਲਿਆਂ ਵਾਂਗ ਪਾਣੀਆਂ ਦੇ ਮਾਮਲੇ ਚ ਕੇਂਦਰ ਸਰਕਾਰ ਨੇ ਮਤਰੇਈ ਮਾਂ ਵਾਲਾ ਵਤੀਰਾ ਜਾਰੀ ਰੱਖਿਆ ਹੋਇਆ ਹੈ। ਉਹਨਾਂ ਕਿਹਾ ਕਿ 1920 ਦੇ ਦਹਾਕੇ ਚ ਬੀਕਾਨੇਰ ਰਿਆਸਤ, ਸਾਂਝੇ ਪੰਜਾਬ ਤੇ ਉਸ ਸਮੇਂ ਦੀ ਬ੍ਰਿਟਿਸ਼ ਸਰਕਾਰ ਦਰਮਿਆਨ ਹੋਏ ਸਮਝੌਤੇ ਤਹਿਤ 1960 ਤੱਕ ਪੰਜਾਬ ਚੋਂ ਫਿਰੋਜ਼ਪੁਰ ਨਹਿਰੀ ਫੀਡਰ ਤੋਂ ਜਾਂਦੇ ਰਹੇ ਪਾਣੀ ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਪੰਜਾਬ ਨੂੰ ਰਾਜਸਥਾਨ ਸਰਕਾਰ ਬਕਾਇਦਾ ਮੁਆਵਜ਼ੇ ਦਾ ਭੁਗਤਾਨ ਕਰਦੀ ਰਹੀ ਹੈ ਅਤੇ 1960 ਤੋਂ ਮਾਰਚ 2022 ਤੱਕ ਪੰਜਾਬ ਦੀ ਸੱਤਾ ਤੇ ਕਾਬਜ਼ ਰਹੀਆਂ ਰਵਾਇਤੀ ਪਾਰਟੀਆਂ ਦੀਆਂ ਸਾਬਕਾ ਸਰਕਾਰਾਂ ਦੀ ਪੰਜਾਬ ਦੇ ਹੱਕਾਂ ਤੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਅਪਣਾਈ ਕਥਿਤ ਘੋਰ ਗੈਰ ਜ਼ਿੰਮੇਵਾਰੀ ਨੀਤੀ ਕਾਰਨ ਪੰਜਾਬ ਨੂੰ ਮਿਲਦਾ ਰਿਹਾ ਇਹ ਮੁਆਵਜ਼ਾ ਰਾਸ਼ੀ ਰਾਜਸਥਾਨ ਸਰਕਾਰ ਵਲੋਂ ਬੰਦ ਕਰ ਦਿੱਤੀ ਸੀ। ਜਿਸਦੇ ਦੇ ਮੱਦੇਨਜ਼ਰ ਰਾਜਸਥਾਨ ਵੱਲੋਂ 1960 ਤੋਂ ਬਾਅਦ ਹੁਣ ਤੱਕ ਵਰਤੇ ਗਏ ਪਾਣੀ ਦੇ ਮੁਆਵਜ਼ੇ ਦੀ ਹੱਕੀ ਰਕਮ 1.44 ਲੱਖ ਕਰੋੜ ਹਾਸਲ ਕਰਨ ਲਈ ਮਾਨ ਸਰਕਾਰ ਵਲੋਂ ਸ਼ੁਰੂ ਕੀਤੀ ਕਾਰਵਾਈ ਨੂੰ ਅਮਲੀ ਜਾਮਾ ਪਹਿਨਾਉਣ ਚ ਕੇਂਦਰ ਸਰਕਾਰ ਵਲੋਂ ਰਤਾ ਭਰ ਵੀ ਪੰਜਾਬ ਨੂੰ ਸਹਿਯੋਗ ਨਹੀਂ ਕੀਤਾ ਜਾ ਰਿਹਾ ਹਰਿਆਣਾ ਲਈ ਐਸ ਵਾਈ ਐੱਲ ਨਹਿਰ ਦੀ ਖੁਦਾਈ ਰੋਕਣ ਅਤੇ ਬੀਬੀਐਮਬੀ ਚ ਪੰਜਾਬ ਨੂੰ ਪਾਣੀਆਂ ਦੇ ਹੱਕਾਂ ਲਈ ਮਾਨ ਸਰਕਾਰ ਨੂੰ ਕੇਂਦਰ ਵਲੋਂ ਇਨਸਾਫ਼ ਨਹੀਂ ਕੀਤਾ ਜਾ ਰਿਹਾ। ਉਹਨਾਂ ਨੇ ਐਲਾਨ ਕੀਤਾ ਕਿ ਖੇਤੀ ਪ੍ਰਧਾਨ ਸੂਬੇ ਪੰਜਾਬ ਕੋਲ ਪਾਣੀ ਦੀ ਇੱਕ ਬੂੰਦ ਵੀ ਹੋਰਨਾਂ ਰਾਜਾਂ ਨੂੰ ਦੇਣ ਲਈ ਫਾਲਤੂ ਨਹੀ ਅਤੇ ਮਾਨ ਸਰਕਾਰ ਪਾਣੀਆਂ ਦੀ ਰਾਖ਼ੀ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਹੈ। ਪਾਣੀਆਂ ਦੀ ਰਾਖੀ ਲਈ ਮਾਨ ਸਰਕਾਰ ਨੇ ਪੂਰੀ ਨਿਸ਼ਠਾ ਤੇ ਇਮਾਨਦਾਰੀ ਨਾਲ ਵਿਧਾਨਿਕ, ਅਦਾਲਤੀ ਤੇ ਸੜਕਾਂ ਸੰਘਰਸ਼ ਵਿੱਢਿਆ ਹੋਇਆ ਹੈ।

# ਖਾਟੂ ਸ਼ਿਆਮ ਜੀ ਦੀ ਮੂਰਤੀ ਸਥਾਪਨਾ ਮੌਕੇ ਤਰਨ ਤਾਰਨ ਵਿੱਚ ਵਿਸ਼ਾਲ ਸ਼ੋਭਾ ਯਾਤਰਾ



*ਸ਼ਹਿਰ 'ਚ ਫ਼ੁੱਲਾਂ ਦੀ ਵਰਖਾ ਨਾਲ ਸਵਾਗਤ, ਪ੍ਰਮੁੱਖ ਸ਼ਖਸੀਅਤਾਂ ਨੇ ਲਿਆ ਆਸ਼ੀਰਵਾਦ*

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 22 ਅਪ੍ਰੈਲ

ਸ਼੍ਰੀ ਗੋਪਾਲ ਗਊਸ਼ਾਲਾ ਅਤੇ ਅਨੁਸੰਧਾਨ ਕੇਂਦਰ, ਪੰਡੋਰੀ ਗੋਲਾ ਰੋਡ ਤਰਨ ਤਾਰਨ ਵਿਖੇ ਸ਼੍ਰੀ ਗਣਪਤੀ ਗਣੇਸ਼ ਜੀ, ਹਾਰੇ ਕੇ ਸਹਾਰੇ ਸ਼੍ਰੀ ਖਾਟੂ ਸ਼ਿਆਮ ਜੀ ਅਤੇ ਸ਼੍ਰੀ ਹਨੂੰਮਾਨ ਜੀ ਦੀਆਂ ਮੂਰਤੀਆਂ ਦੀ ਸਥਾਪਨਾ ਦੇ ਸਬੰਧ ਵਿੱਚ ਸ਼ਹਿਰ ਵਿੱਚ ਭਗਤੀਮਈ ਮਾਹੌਲ ਦੌਰਾਨ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ। ਸ਼ੋਭਾ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕਰਕੇ ਬਾਬਾ ਖਾਟੂ ਸ਼ਿਆਮ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਢੋਲ-ਨਗਾਰਿਆਂ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਸ਼੍ਰੀ ਗਣਪਤੀ ਗਣੇਸ਼ ਜੀ, ਸ਼੍ਰੀ ਖਾਟੂ ਸ਼ਿਆਮ ਜੀ ਅਤੇ ਸ਼੍ਰੀ ਹਨੂੰਮਾਨ ਜੀ ਦੀਆਂ ਮੂਰਤੀਆਂ ਨੂੰ ਸੁੰਦਰ ਸਜਾਈ ਹੋਈ ਸਵਾਰੀ ਵਿੱਚ ਬਿਰਾਜਮਾਨ ਕਰਕੇ ਸ਼ੋਭਾ ਯਾਤਰਾ ਸ਼੍ਰੀ ਗੋਪਾਲ ਗਊਸ਼ਾਲਾ ਤੋਂ ਸ਼ੁਰੂ ਹੋਈ। ਇਹ ਯਾਤਰਾ ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਰਸਤਿਆਂ ਤੋਂ ਗੁਜ਼ਰਦੀ ਹੋਈ ਪਹਿਲਾਂ ਸ਼੍ਰੀ ਠਾਕੁਰ ਦਵਾਰਾ ਮਦਨ ਮੋਹਨ ਮੰਦਰ ਪਹੁੰਚੀ, ਜਿੱਥੇ ਸ਼ਰਧਾਲੂਆਂ ਨੇ ਫੁੱਲਾਂ ਦੀ ਵਰਖਾ ਕਰਕੇ ਭਰਪੂਰ ਸਵਾਗਤ ਕੀਤਾ। ਇਸ ਤੋਂ ਬਾਅਦ ਯਾਤਰਾ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦਾ ਭ੍ਰਮਣ ਕਰਦੀ ਹੋਈ ਮੁੜ ਗਊਸ਼ਾਲਾ ਵਿਖੇ ਆ ਕੇ ਸਮਾਪਤ ਹੋਈ।ਪੂਰੇ ਰਸਤੇ ਦੌਰਾਨ ਸ਼ਹਿਰ ਵਾਸੀਆਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਅਤੇ ਸੇਵਾ-ਭਾਵ ਨਾਲ ਜਲ ਪਾਨ ਦੇ ਪ੍ਰਬੰਧ ਕਰਕੇ ਸ਼ੋਭਾ ਯਾਤਰਾ ਦਾ ਜੋਸ਼ੀਲਾ ਸਵਾਗਤ ਕੀਤਾ ਗਿਆ, ਜਿਸ ਨਾਲ ਸਮਾਗਮ ਦਾ ਮਾਹੌਲ ਪੂਰੀ ਤਰ੍ਹਾਂ ਭਗਤੀ ਰੰਗ ਵਿੱਚ ਰੰਗਿਆ ਨਜ਼ਰ ਆਇਆ ।ਇਸ ਮੌਕੇ ਸ਼੍ਰੀ ਦੁਰਗਿਆਣਾ ਤੀਰਥ ਅੰਮ੍ਰਿਤਸਰ ਦੀ ਪ੍ਰਧਾਨ ਸ਼੍ਰੀਮਤੀ ਲਕਸ਼ਮੀਕਾਂਤਾ ਚਾਵਲਾ ਸਾਬਕਾ ਮੰਤਰੀ ਪੰਜਾਬ, ਹਰਜੀਤ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਭਾਜਪਾ, ਹਰਪ੍ਰੀਤ ਸਿੰਘ ਸਿੰਦਬਾਦ ਜ਼ਿਲ੍ਹਾ ਜਨਰਲ ਸਕੱਤਰ, ਦਿਨੇਸ਼ ਜੋਸ਼ੀ ਯੁਵਾ ਮੋਰਚਾ ਜ਼ਿਲ੍ਹਾ ਪ੍ਰਧਾਨ, ਅਮਨ ਅਰੋੜਾ ਯੁਵਾ ਮੋਰਚਾ ਜਨਰਲ ਸਕੱਤਰ, ਅਵਤਾਰ ਸਿੰਘ ਬੰਟੀ ਐਸਸੀ ਮੋਰਚਾ ਜ਼ਿਲ੍ਹਾ ਪ੍ਰਧਾਨ, ਰੋਹਿਤ ਸ਼ਰਮਾ ਸ਼ਹਿਰੀ ਪ੍ਰਧਾਨ, ਡਾ. ਰਾਕੇਸ਼ ਕੁਮਾਰ ਪ੍ਰਧਾਨ, ਸ਼੍ਰੀ ਹਨੂੰਮਾਨ ਮੰਦਰ, ਚੰਦਰ ਕੁਮਾਰ ਅਗਰਵਾਲ ਸਾਬਕਾ ਪ੍ਰਧਾਨ ਨਗਰ ਸੁਧਾਰ ਟਰੱਸਟ, ਵਿਸ਼ਾਲ ਗੁਪਤਾ ਪ੍ਰਧਾਨ, ਸ਼੍ਰੀ ਸ਼ਿਆਮ ਮਿੱਤਰ ਮੰਡਲ, ਅਰੁਣ ਗੁਪਤਾ ਪ੍ਰਧਾਨ, ਸ਼੍ਰੀ ਸ਼ਿਆਮ ਪਰਿਵਾਰ, ਹਨੀ ਅਰੋੜਾ ਪ੍ਰਧਾਨ, ਸ਼੍ਰੀ ਸ਼ਿਆਮ ਸੇਵਕ ਮੰਡਲ, ਅਮਿਤ ਗੁਪਤਾ (ਸੀ.ਏ.), ਕੁਮੁਦ ਧਵਨ, ਸੰਜੀਵ ਕੁਮਾਰ, ਲਖਵਿੰਦਰ ਸਿੰਘ ਲੱਕੀ ਸ਼ਹਿਰੀ ਪ੍ਰਧਾਨ ਕਾਂਗਰਸ, ਸੁਰਜੀਤ ਆਹੂਜਾ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਬਾਬਾ ਜੀ ਦੇ ਦਰਸ਼ਨ ਕੀਤੇ।ਸ਼ੋਭਾ ਯਾਤਰਾ ਵਿੱਚ ਸ਼ਾਮਿਲ ਹੋਈਆਂ ਸਾਰੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸ਼੍ਰੀ ਗੋਪਾਲ ਗਊਸ਼ਾਲਾ ਦੇ ਜਨਰਲ ਸਕੱਤਰ ਹਰਿੰਦਰ ਅਗਰਵਾਲ, ਉਪ ਪ੍ਰਧਾਨ ਸੰਜੇ ਗੁਪਤਾ, ਕੈਸ਼ੀਅਰ ਅਸ਼ਵਨੀ ਮਦਾਨ, ਟਰੱਸਟੀ ਰਵੀ ਸ਼ਰਮਾ ਗਗਨ ਵਾਲੇ ਅਤੇ ਅਜੈ ਗੁਪਤਾ ਸਮੇਤ ਹੋਰ ਅਹੁਦੇਦਾਰਾਂ ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਵਿਸ਼ਾਲ ਸ਼ੋਭਾ ਯਾਤਰਾ ਨੇ ਨਾ ਸਿਰਫ਼ ਧਾਰਮਿਕ ਇਕਤਾ ਦਾ ਸੰਦੇਸ਼ ਦਿੱਤਾ, ਸਗੋਂ ਸ਼ਹਿਰ ਵਿੱਚ ਭਗਤੀਮਈ ਅਤੇ ਏਕਤਾ ਭਰਿਆ ਮਾਹੌਲ ਵੀ ਪੈਦਾ ਕੀਤਾ।

# ਅੱਜ ਪੂਰੇ ਵਿਧੀ-ਵਿਧਾਨ ਨਾਲ ਹੋਵੇਗੀ ਬਾਬਾ ਖਾਟੂ ਸ਼ਿਆਮ ਜੀ ਦੀ ਮੂਰਤੀ ਸਥਾਪਨਾ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 22 ਅਪ੍ਰੈਲ

ਸ੍ਰੀ ਗੋਪਾਲ ਗਊਸ਼ਾਲਾ ਅਤੇ ਅਨੁਸੰਧਾਨ ਕੇਂਦਰ, ਪੰਡੋਰੀ ਗੋਲਾ ਰੋਡ ਤਰਨ ਤਾਰਨ ਵਿਖੇ ਅੱਜ ਬੜੇ ਧੂਮਧਾਮ ਅਤੇ ਪੂਰੇ ਵਿਧੀ-ਵਿਧਾਨ ਨਾਲ ਬਾਬਾ ਸ਼੍ਰੀ ਖਾਟੂ ਸ਼ਿਆਮ ਜੀ, ਸ਼੍ਰੀ ਗਣਪਤੀ ਗਣੇਸ਼ ਜੀ ਅਤੇ ਸ਼੍ਰੀ ਹਨੂੰਮਾਨ ਜੀ ਦੀਆਂ ਪਵਿੱਤਰ ਮੂਰਤੀਆਂ ਦੀ ਪ੍ਰਾਣ ਪ੍ਰਤਿਸ਼ਠਾ ਉਪਰੰਤ ਸਥਾਪਨਾ ਕੀਤੀ ਜਾਵੇਗੀ। ਇਸ ਧਾਰਮਿਕ ਸਮਾਗਮ ਨੂੰ ਲੈ ਕੇ ਇਲਾਕੇ ਵਿੱਚ ਭਾਰੀ ਉਤਸ਼ਾਹ ਅਤੇ ਭਗਤੀਮਈ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਮੰਦਰ ਦੇ ਪ੍ਰਮੁੱਖ ਪੁਜਾਰੀ ਪੰਡਿਤ ਮਹਾਂਵੀਰ ਪ੍ਰਸ਼ਾਦ ਦੀ ਅਗਵਾਈ ਹੇਠ ਮੁੱਖ ਜਜਮਾਨ ਸੰਜੇ ਗੁਪਤਾ ਸਮੇਤ ਹਰਿੰਦਰ ਅਗਰਵਾਲ, ਵਿਸ਼ਾਲ ਗੁਪਤਾ ਵਿੱਕੀ, ਅਸ਼ਵਨੀ ਮਦਾਨ, ਜਸਵਿੰਦਰ ਗਲਹੋਤਰਾ, ਅਮਿਤ ਗੁਪਤਾ (ਸੀ.ਏ), ਚਿਰੰਤਨ ਗੁਪਤਾ ਹਨੀ, ਪੰਡਿਤ ਰਤਨ ਚੰਦ, ਤਿਲਕ ਗੁਪਤਾ, ਅਜੇ ਗੁਪਤਾ, ਸਚਿਨ ਗੁਪਤਾ ਅਤੇ ਤਰੁਣ ਗੁਪਤਾ ਆਦਿ ਵੱਲੋਂ ਪਿਛਲੇ ਪੰਜ ਦਿਨਾਂ ਤੋਂ ਲਗਾਤਾਰ ਮੰਤਰ ਉਚਾਰਨ ਨਾਲ ਵਿਧੀਪੂਰਵਕ ਵਿਸ਼ੇਸ਼ ਪੂਜਾ ਅਰਚਨਾ ਕਰਵਾਈ ਜਾ ਰਹੀ ਹੈ।ਅੱਜ ਇਸ ਧਾਰਮਿਕ ਕਰਮਕਾਂਡ ਦੀ ਸਮਾਪਤੀ ਉਪਰੰਤ ਹਵਨ ਯੱਗ ਕਰਵਾਇਆ ਜਾਵੇਗਾ, ਜਿਸ ਤੋਂ ਬਾਅਦ ਮੂਰਤੀਆਂ ਦੀ ਵਿਧੀਪੂਰਵਕ ਸਥਾਪਨਾ ਕੀਤੀ ਜਾਵੇਗੀ। ਇਸ ਉਪਰੰਤ ਮੰਦਰ ਦੇ ਕਿਵਾੜ ਸੰਗਤ ਲਈ ਖੋਲ੍ਹ ਦਿੱਤੇ ਜਾਣਗੇ ਤਾਂ ਜੋ ਸ਼ਰਧਾਲੂ ਬਾਬਾ ਜੀ ਦੇ ਦਰਸ਼ਨ ਕਰਕੇ ਅਸ਼ੀਰਵਾਦ ਪ੍ਰਾਪਤ ਕਰ ਸਕਣ।

ਇਸ ਪਵਿੱਤਰ ਮੌਕੇ 'ਤੇ ਇਲਾਕੇ ਦੀਆਂ ਪ੍ਰਸਿੱਧ ਭਜਨ ਮੰਡਲੀਆਂ ਵੱਲੋਂ ਬਾਬਾ ਖਾਟੂ ਸ਼ਿਆਮ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾਵੇਗਾ, ਜਿਸ ਨਾਲ ਸਮਾਗਮ ਦਾ ਮਾਹੌਲ ਹੋਰ ਵੀ ਭਗਤੀਮਈ ਬਣੇਗਾ। ਆਰਤੀ ਉਪਰੰਤ ਮੂਰਤੀਆਂ ਨੂੰ ਭੋਗ ਲਗਾਇਆ ਜਾਵੇਗਾ ਅਤੇ ਸੰਗਤ ਲਈ ਲੰਗਰ ਭੰਡਾਰਾ ਅਤੇ ਪ੍ਰਸ਼ਾਦ ਦਾ ਅਟੁੱਟ ਪ੍ਰਬੰਧ ਕੀਤਾ ਗਿਆ ਹੈ।ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਇਲਾਕੇ ਦੀਆਂ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰਾਂ ਸਮੇਤ ਕਈ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ।ਇਸ ਸੰਬੰਧੀ ਗਊਸ਼ਾਲਾ ਦੇ ਜਨਰਲ ਸਕੱਤਰ ਹਰਿੰਦਰ ਅਗਰਵਾਲ ਵੱਲੋਂ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਵੀ ਵਿਸ਼ੇਸ਼ ਤੌਰ 'ਤੇ ਸੱਦਾ ਪੱਤਰ ਭੇਟ ਕੀਤਾ ਗਿਆ ਹੈ।ਮੂਰਤੀ ਸਥਾਪਨਾ ਸਬੰਧੀ ਵਿਸ਼ੇਸ਼ ਪੂਜਾ ਅਰਚਨਾ ਵਿੱਚ ਭਾਗ ਲੈਂਦੇ ਜਜਮਾਨ।ਗਊਸ਼ਾਲਾ ਦੇ ਜਨਰਲ ਸਕੱਤਰ ਹਰਿੰਦਰ ਅਗਰਵਾਲ ਵੱਲੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਸੱਦਾ ਪੱਤਰ ਭੇਟ ਕਰਦੇ ਹੋਏ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਸ਼੍ਰੀ ਗੋਪਾਲ ਗਊਸ਼ਾਲਾ ਵਿਖੇ ਖਾਟੂ ਸ਼ਿਆਮ ਜੀ, ਗਣਪਤੀ ਜੀ ਅਤੇ ਹਨੂੰਮਾਨ ਜੀ ਦੀਆਂ ਮੂਰਤੀਆਂ ਵਿਧੀ ਪੂਰਵਕ ਸਥਾਪਿਤ ਕੀਤੀਆਂ ਗਈਆਂ



**ਪੂਰਾ ਵਾਤਾਵਰਨ ਬਾਬਾ ਖਾਟੂ ਸ਼ਿਆਮ ਜੀ ਦੇ ਰੰਗ ਵਿੱਚ ਰੰਗਿਆ ਗਿਆ |**

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 23 ਅਪ੍ਰੈਲ:
ਸ਼੍ਰੀ ਗੋਪਾਲ ਗਊਸ਼ਾਲਾ ਅਤੇ ਅਨੁੰਸੰਧਾਨ ਕੇਂਦਰ, ਪੰਡੋਰੀ ਗੋਲਾ ਰੋਡ, ਤਰਨ ਤਾਰਨ ਵਿਖੇ ਵੀਰਵਾਰ ਨੂੰ ਪੂਰੇ ਵਿਧੀਪੂਰਵਕ ਸ਼੍ਰੀ ਗਣਪਤੀ ਜੀ, ਬਾਬਾ ਖਾਟੂ ਸ਼ਿਆਮ ਜੀ ਅਤੇ ਵੀਰ ਹਨੂੰਮਾਨ ਜੀ ਦੀਆਂ ਮੂਰਤੀਆਂ ਸਥਾਪਿਤ ਕੀਤੀਆਂ ਗਈਆਂ। ਇਸ ਸ਼ੁਭ ਮੌਕੇ 'ਤੇ, ਵੱਖ-ਵੱਖ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸੰਗਠਨਾਂ ਦੇ ਪ੍ਰਤੀਨਿਧੀਆਂ ਸਮੇਤ ਹਜ਼ਾਰਾਂ ਸ਼ਿਆਮ ਪ੍ਰੇਮੀ ਬਾਬਾ ਸ਼ਿਆਮ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਪਹੁੰਚੇ । ਸ਼੍ਰੀ ਠਾਕੁਰ ਦਵਾਰਾ ਮਦਨ ਮੋਹਨ ਮੰਦਰ ਦੇ ਮੁੱਖ ਪੁਜਾਰੀ ਪੰਡਿਤ ਮਹਾਂਵੀਰ ਪ੍ਰਸਾਦ ਵੱਲੋਂ ਪਿਛਲੇ ਪੰਜ ਦਿਨਾਂ ਤੋਂ ਲਗਾਤਾਰ ਵਿਧੀ ਪੂਰਵਕ ਅਤੇ ਮੰਤਰਾਂ ਦੇ ਜਾਪ ਤੋਂ ਬਾਅਦ,ਸਮੂਹ ਮਹਿਮਾਨਾ ਵੱਲੋਂ ਮੂਰਤੀਆਂ ਦੀ ਪ੍ਰਾਣ ਪ੍ਰਤਿਸ਼ਟਾ ਕੀਤੀ ਗਈ ਅਤੇ ਹਵਨ ਯੱਗ ਕਰਕੇ ਉਸ ਵਿੱਚ ਪੂਰਨ ਆਹੂਤੀਆਂ ਪਾਈਆਂ ਗਈਆਂ। ਇਸ ਸ਼ੁਭ ਮੌਕੇ 'ਤੇ, ਸ਼੍ਰੀ ਖਾਟੂ ਸ਼ਿਆਮ ਜੀ ਦੀ ਮੂਰਤੀ ਨੂੰ ਕਈ ਤਰ੍ਹਾਂ ਦੇ ਫੁੱਲਾਂ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ, ਜੋ ਸਾਰਿਆਂ ਦਾ ਮਨ ਮੋਹ ਰਿਹਾ ਸੀ । ਇਲਾਕੇ ਦੇ ਪ੍ਰਸਿੱਧ ਗਾਇਕਾਂ, ਪਰਮ ਸਾਵਲ, ਕਸ਼ਿਸ਼ ਕਿਸ਼ੋਰੀ ਜੀ, ਨਰੋਤਮ ਸ਼ਰਮਾ, ਸੁਰਜੀਤ ਆਹੂਜਾ ਅਤੇ ਅਨਿਲ ਅਰੋੜਾ ਵੱਲੋਂ ਬਾਬਾ ਸ਼ਿਆਮ ਜੀ ਨੂੰ ਸਮਰਪਿਤ ਭਜਨ ਗਾਏ, ਜਿਸ ਰਾਹੀਂ ਉਹਨਾਂ ਨੇ ਸ਼ਿਆਮ ਪ੍ਰੇਮੀਆਂ ਨੂੰ ਖੁਸ਼ੀ ਵਿੱਚ ਝੂਮਣ ਤੇ ਮਜਬੂਰ ਕਰ ਦਿੱਤਾ। ਇਸ ਸਮਾਗਮ ਦੌਰਾਨ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ, ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਕਰਨਬੀਰ ਸਿੰਘ ਬੁਰਜ, ਸ਼੍ਰੋਮਣੀ ਅਕਾਲੀ ਦਲ ਦੀ ਹਲਕਾ ਇੰਚਾਰਜ ਕੰਚਨਪ੍ਰੀਤ ਕੌਰ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਲਖਵਿੰਦਰ ਸਿੰਘ ਲੱਕੀ ਢੀਂਗਰਾ, ਕੌਂਸਲਰ ਮਨੋਜ ਅਗਨੀਹੋਤਰੀ, ਕੌਂਸਲਰ ਸੰਜੀਵ ਕੁੰਦਰਾ, ਕੌਂਸਲਰ ਸ਼ਾਮ ਸਿੰਘ, ਹਰਪ੍ਰੀਤ ਸਿੰਘ ਸਿੰਧਬਾਦ ਜ਼ਿਲ੍ਹਾ ਮਹਾ ਮੰਤਰੀ ਭਾਜਪਾ, ਚੰਦਰ ਕੁਮਾਰ ਅਗਰਵਾਲ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ, ਡਾ: ਸੂਰ ਅੰਮ੍ਰਿਤਸਰ ਵਾਲੇ, ਸੁਰਜੀਤ ਕੁਮਾਰ ਆਹੂਜਾ ਜ਼ਿਲ੍ਹਾ ਸਤਿਸੰਗ ਪ੍ਰਮੁੱਖ, ਹੰਸਰਾਜ ਚੌਧਰੀ ਜ਼ਿਲ੍ਹਾ ਸੰਘਚਾਲਕ ਆਰ.ਐਸ.ਐਸ., ਫ਼ਤਹਿ ਸਿੰਘ ਸ਼ਹਿਰੀ ਸੰਘਚਾਲਕ, ਅਭਿਨੰਦਨ ਗੁਪਤਾ, ਦਿਨੇਸ਼ ਗੁਪਤਾ, ਵਿਜੇ ਕੁਮਾਰ ਜੋਸ਼ੀ, ਸੰਜੀਵ ਕੁਮਾਰ ਦੋਦੇ , ਕੁਲਦੀਪ ਸਿੰਘ ਸ਼ਹਿਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਅਵਤਾਰ ਸ਼ਰਮਾ ਪ੍ਰਧਾਨ ਅਨਾਜ ਮੰਡੀ ਆੜ੍ਹਤੀ ਯੂਨੀਅਨ, ਅਰੁਣ ਗੁਪਤਾ ਪ੍ਰਧਾਨ ਪ੍ਰਧਾਨ ਸ਼੍ਰੀ ਸ਼ਿਆਮ ਪਰਿਵਾਰ, ਸ਼੍ਰੀ ਸ਼ਿਆਮ ਸੇਵਕ ਮੰਡਲ ਦੇ ਪ੍ਰਧਾਨ ਹਨੀ ਅਰੋੜਾ, ਆਨੰਦ ਗੁਪਤਾ, ਰਾਜ ਕੁਮਾਰ ਰਾਜੂ, ਪ੍ਰਭਾਤ ਗੁਪਤਾ, ਪੰਕਜ ਕੇਸਰ, ਬੀਰੂ ਰਾਮ ਜੀ, ਡਾ: ਸੁਨੰਦਨ ਸੂਦ, ਵਿਪਨ ਕੁਮਾਰ ਬਾਬਾ ਡਿਸਕੋ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਿਆਮ ਪ੍ਰੇਮੀ ਮੰਦਰ ਪਹੁੰਚੇ ਅਤੇ ਉਹਨਾਂ ਵੱਲੋਂ ਸ਼੍ਰੀ ਖਾਟੂ ਸ਼ਿਆਮ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ । ਮੂਰਤੀ ਸਥਾਪਨਾ ਸਮਾਰੋਹ ਵਿੱਚ ਸ਼ਾਮਲ ਸਾਰੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸ਼੍ਰੀ ਗੋਪਾਲ ਗਊਸ਼ਾਲਾ ਪ੍ਰਬੰਧਨ ਕਮੇਟੀ ਦੇ ਜਨਰਲ ਸਕੱਤਰ ਹਰਿੰਦਰ ਕੁਮਾਰ ਅਗਰਵਾਲ, ਉਪ ਪ੍ਰਧਾਨ ਸੰਜੇ ਗੁਪਤਾ, ਅਤੇ ਅਸ਼ਵਨੀ ਮਦਾਨ, ਅਮਿਤ ਗੁਪਤਾ ਸੀਏ, ਅਜੈ ਗੁਪਤਾ, ਜਸਵਿੰਦਰ ਗਲਹੋਤਰਾ, ਰਵੀ ਸ਼ਰਮਾ ਗਗਨ ਵਾਲੇ, ਵਿਸ਼ਾਲ ਗੁਪਤਾ ਵਿੱਕੀ, ਚਿਰੰਤਨ ਗੁਪਤਾ ਹਨੀ, ਪੰਡਿਤ ਰਤਨ ਚੰਦ, ਸਚਿਨ ਗੁਪਤਾ, ਤਿਲਕ ਗੁਪਤਾ, ਪਵਨ ਆਹੂਜਾ, ਅਮਨ ਸ਼ਰਮਾ ਗੋਰਾ, ਮਨੀਸ਼ ਗੁਪਤਾ ਆਦਿ ਪ੍ਰਮੁੱਖ ਅਹੁਦੇਦਾਰਾਂ ਵੱਲੋਂ ਸਨਮਾਨਿਤ ਕੀਤਾ। ਅੰਤ ਵਿੱਚ, ਬਾਬਾ ਜੀ ਦੀ ਜੋਤ ਜਗਾ ਕੇ ਉਨ੍ਹਾਂ ਦੀ ਆਰਤੀ ਕੀਤੀ ਗਈ। ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਪਦਾਰਥਾਂ ਦੇ ਭੋਗ ਲਗਾਉਣ ਤੋਂ ਬਾਅਦ ਸਾਰੇ ਸ਼ਿਆਮ ਸ਼ਰਧਾਲੂਆਂ ਨੂੰ ਪ੍ਰਸ਼ਾਦ ਤੇ ਲੰਗਰ ਭੰਡਾਰਾ ਵਰਤਾਇਆ ਗਿਆ।

# ਸ਼ਿਪਸ ਇੰਸਟੀਚਿਊਟਸ ਰਾਣੀ ਵਲਾਹ ਦੇ ਵਿਦਿਆਰਥੀਆਂ ਵਲੋਂ ਪ੍ਰੀਖਿਆ ਵਿੱਚ ਮਾਰੀਆਂ ਇਤਿਹਾਸਕ ਮੱਲਾਂ



**ਚੋਹਲਾ ਸਾਹਿਬ 23 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਸ਼ਿਪਸ ਇੰਸਟੀਚਿਊਟਸ ਰਾਣੀ ਵਲਾਹ ਦੇ ਹੋਣਹਾਰ ਵਿਦਿਆਰਥੀਆਂ ਨੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਕਰਵਾਈ ਗਈ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਅਮੀਰ ਸਿੱਖ ਵਿਰਸੇ ਨਾਲ ਜੁੜੇ ਹੋਣ ਦਾ ਜੀਵੰਤ ਸਬੂਤ ਦਿੱਤਾ। ਪਹਿਲੀ ਤੋਂ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਸਕੂਲ ਅਤੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ।ਜ਼ੀਰੋ ਗਰੁੱਪ ਵਿੱਚੋਂ ਸਿਮਰਤ ਕੌਰ, ਗੁਰਫ਼ਤਿਹ ਸਿੰਘ, ਅਜੈਗੁਪਾਲ ਸਿੰਘ ਅਤੇ ਮਨਜੋਤ ਕੌਰ ਨੇ ਮੈਰਿਟ ਹਾਸਲ ਕੀਤੀ, ਜਦਕਿ ਏਕਮਜੀਤ ਸਿੰਘ ਨੇ ਏ ਗ੍ਰੇਡ ਅਤੇ ਅੰਸ਼ਲੀਨ ਕੌਰ ਤੇ ਗੁਰਲਾਲ ਸਿੰਘ ਨੇ ਬੀ ਗ੍ਰੇਡ ਪ੍ਰਾਪਤ ਕੀਤਾ। ਹੋਰ ਗਰੁੱਪਾਂ ਵਿੱਚ ਵੀ ਬੱਚਿਆਂ ਨੇ ਵਧੀਆ ਪ੍ਰਦਰਸ਼ਨ ਕਰਦਿਆਂ ਆਪਣੀ ਲਗਨ ਅਤੇ ਮਿਹਨਤ ਦਾ ਪਰਚਾ ਦਿੱਤਾ।ਇਸ ਮੌਕੇ ਮਾਸਟਰ ਸੁਖਵਿੰਦਰ ਸਿੰਘ ਤੁੜ ਵਲੋਂ ਸਕੂਲ ਪਹੁੰਚ ਕੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀਆਂ ਪ੍ਰੇਰਕ ਬਾਤਾਂ ਨੇ ਮਾਹੌਲ ਵਿੱਚ ਇਕ ਨਵੀਂ ਰੌਸ਼ਨੀ ਭਰ ਦਿੱਤੀ—ਜਿਵੇਂ ਇਤਿਹਾਸ ਦੀਆਂ ਜੜ੍ਹਾਂ ਨੂੰ ਮੁੜ ਜ਼ਿੰਦਗੀ ਮਿਲ ਗਈ ਹੋਵੇ। ਉਨ੍ਹਾਂ ਬੱਚਿਆਂ ਨੂੰ ਆਪਣੇ ਧਰਮ ਅਤੇ ਸਿੱਖ ਇਤਿਹਾਸ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ।ਸਕੂਲ ਪ੍ਰਬੰਧਕ ਕਮੇਟੀ ਵਲੋਂ—ਕਾਰਜਕਾਰੀ ਪ੍ਰਧਾਨ ਸ੍ਰੀਮਤੀ ਸ਼ੱਸ਼ੀ ਸ਼ਰਮਾ, ਐਜੂਕੇਸ਼ਨਲ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ, ਸ. ਗੁਲਵਿੰਦਰ ਸਿੰਘ ਸੰਧੂ, ਮਦਨ ਪਠਾਣੀਆਂ ਅਤੇ ਪ੍ਰਿੰਸੀਪਲ ਸ. ਨਿਰਭੈ ਸਿੰਘ ਸੰਧੂ—ਨੇ ਬੱਚਿਆਂ ਅਤੇ ਮਾਪਿਆਂ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਸਿਰਫ਼ ਨੰਬਰਾਂ ਦੀ ਨਹੀਂ, ਸਗੋਂ ਸੰਸਕਾਰਾਂ ਦੀ ਜਿੱਤ ਹੈ।ਉਨ੍ਹਾਂ ਨੇ ਸਿੱਖ ਮਿਸ਼ਨਰੀ ਕਾਲਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੀਆਂ ਪ੍ਰੀਖਿਆਵਾਂ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਦੀਆਂ ਹਨ, ਜੋ ਉਨ੍ਹਾਂ ਦੀ ਰੂਹ ਨੂੰ ਮਜ਼ਬੂਤ ਬਣਾਉਂਦੀਆਂ ਹਨ।"ਜਦੋਂ ਬੱਚੇ ਆਪਣੀਆਂ ਜੜ੍ਹਾਂ ਨਾਲ ਜੁੜਦੇ ਨੇ, ਤਦੋਂ ਹੀ ਉਹ ਅਸਮਾਨ ਨੂੰ ਛੂਹਣ ਜੋਗੇ ਬਣਦੇ ਨੇ," ਉਨ੍ਹਾਂ ਨੇ ਕਿਹਾ ਕਿ ਸਕੂਲ ਵਲੋਂ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੂੰ ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਤਾਂ ਜੋ ਉਹਨਾਂ ਦਾ ਸਰਵਪੱਖੀ ਵਿਕਾਸ ਹੋ ਸਕੇ।

# ਹਰਮੀਤ ਸਿੰਘ ਦੀ ਚੋਣ ਪੱਤਰਕਾਰ ਭਾਈਚਾਰੇ ਲਈ ਇਕ ਬਹੁਤ ਵੱਡਾ ਗੌਰਵ ਦੀ ਗੱਲ- ਸਾਹਿਲ



**ਪ੍ਰੈਸ ਕਲੱਬ ਆਫ ਅੰਮ੍ਰਿਤਸਰ ਦੇ ਜੋਇੰਟ ਸੈਕਟਰੀ ਹਰਮੀਤ ਸਿੰਘ ਦਾ ਕੀਤਾ ਸਨਮਾਨ |**

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 23ਅਪ੍ਰੈਲ
ਪੰਜਾਬ ਦੀ ਪ੍ਰਸਿੱਧ ਐਂਟੀ ਕਰਪਸ਼ਨ ਸੁਸਾਇਟੀ ਦੇ ਪ੍ਰਧਾਨ ਅਤੇ ਭਗਵਾਂ ਸੈਨਾ ਸੰਗਠਨ ਦੇ ਮੀਡੀਆ ਇੰਚਾਰਜ ਬਿਕਰਮਜੀਤ ਸਿੰਘ ਸਾਹਿਲ ਵੱਲੋਂ ਪਿਛਲੇ ਦਿਨ ਪ੍ਰੈਸ ਕਲੱਬ ਆਫ ਅੰਮ੍ਰਿਤਸਰ ਦੀ ਹੋਈ ਚੋਣ ਵਿੱਚ ਜੋਇੰਟ ਸੈਕਟਰੀ ਚੁਣੇ ਗਏ ਹਰਮੀਤ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ, ਜਿੱਥੇ ਉਨ੍ਹਾਂ ਨੂੰ ਸਨਮਾਨਿਤ ਕਰਕੇ ਨਵੀਂ ਮਿਲੀ ਜਿੰਮੇਵਾਰੀ ਲਈ ਦਿਲੋਂ ਵਧਾਈ ਦਿੱਤੀ ਗਈ।ਇਸ ਮੌਕੇ ਬਿਕਰਮਜੀਤ ਸਿੰਘ ਸਾਹਿਲ ਨੇ ਕਿਹਾ ਕਿ ਹਰਮੀਤ ਸਿੰਘ ਦੀ ਚੋਣ ਪੱਤਰਕਾਰ ਭਾਈਚਾਰੇ ਲਈ ਇਕ ਬਹੁਤ ਵੱਡਾ ਗੌਰਵ ਦੀ ਗੱਲ ਹੈ, ਕਿਉਂਕਿ ਉਨ੍ਹਾਂ ਨੇ ਸਾਰਿਆਂ ਦੀ ਪਸੰਦ ਅਤੇ ਭਰੋਸੇ ਨਾਲ ਆਪਣੀ ਨਵੀਂ ਜਿੰਮੇਵਾਰੀ ਸੰਭਾਲੀ ਹੈ। ਉਨ੍ਹਾਂ ਨੇ ਭਰੋਸਾ ਜਤਾਇਆ ਕਿ ਹਰਮੀਤ ਸਿੰਘ ਆਪਣੀ ਨਵੀ ਮਿਲੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ, ਅਤੇ ਪੱਤਰਕਾਰ ਭਾਈਚਾਰੇ ਦੇ ਹੱਕਾਂ ਲਈ ਹਮੇਸ਼ਾਂ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਬਿਕਰਮਜੀਤ ਸਿੰਘ ਸਾਹਿਲ ਨੇ ਇਹ ਵੀ ਕਿਹਾ ਕਿ ਪੱਤਰਕਾਰ ਭਾਈਚਾਰਾ ਇਕ ਸਮਾਜ ਦਾ ਅਹਮ ਹਿੱਸਾ ਹੈ, ਅਤੇ ਇਸ ਦੀ ਜ਼ਿੰਮੇਵਾਰੀ ਹੈ ਕਿ ਉਹ ਸਚਾਈ ਦੀ ਰੱਖਿਆ ਕਰਦੇ ਹੋਏ ਲੋਕਾਂ ਦੀ ਆਵਾਜ਼ ਬਣਨ। ਇਸ ਮੌਕੇ ਉਨ੍ਹਾਂ ਨੇ ਹਰਮੀਤ ਸਿੰਘ ਨੂੰ ਅਪਣੇ ਨਵੀਂ ਭੂਮਿਕਾ ਵਿੱਚ ਹੌਸਲਾ ਅਤੇ ਦ੍ਰਿੜਤਾ ਨਾਲ ਕੰਮ ਕਰਨ ਦੀ ਭਰੋਸਾ ਦਿੰਦੇ ਹੋਏ, ਪੱਤਰਕਾਰ ਭਾਈਚਾਰੇ ਦੀ ਭਵਿੱਖ ਲਈ ਇੱਕ ਰੌਸ਼ਨੀ ਭਰਿਆ ਸੰਕੇਤ ਦਿੱਤਾ।

# ਸੰਦੀਪ ਸਹੋਤਾ ਨੇ ਐਲਡੀਐਮ ਦਾ ਅਹੁਦਾ ਸੰਭਾਲਿਆ, ਲੋਕਾਂ ਨੂੰ ਧੋਖਾਧੜੀ ਤੋਂ ਸਾਵਧਾਨ ਰਹਿਣ ਦੀ ਅਪੀਲ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 23 ਅਪ੍ਰੈਲ:
ਤਰਨਤਾਰਨ ਵਿਖੇ ਸੰਦੀਪ ਸਹੋਤਾ ਨੇ ਲੀਡ ਡਿਸਟ੍ਰਿਕਟ ਮੈਨੇਜਰ (ਐਲਡੀਐਮ) ਦਾ ਅਹੁਦਾ ਸੰਭਾਲ ਕੇ ਆਪਣੇ ਵਿਭਾਗੀ ਕੰਮਕਾਜ ਦੀ ਸ਼ੁਰੂਆਤ ਕਰ ਦਿੱਤੀ। ਅਹੁਦਾ ਸੰਭਾਲਣ ਮੌਕੇ ਉਨ੍ਹਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਵਡਭਾਗਾ ਸਮਝਦੇ ਹਨ ਕਿ ਉਨ੍ਹਾਂ ਨੂੰ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਦੀ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਹੁਣ ਪੰਜਵੀਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਰਸਾਈ ਹੋਈ ਪਵਿੱਤਰ ਨਗਰੀ ਤਰਨ ਤਾਰਨ ਸਾਹਿਬ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਚੱਲ ਰਹੀਆਂ ਸਮੂਹ ਬੈਂਕਾਂ ਦੀ ਕਾਰਗੁਜ਼ਾਰੀ ਨੂੰ ਹੋਰ ਸੁਚੱਜਾ ਬਣਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਰਹੇਗੀ ਅਤੇ ਕਿਸੇ ਵੀ ਗ੍ਰਾਹਕ ਨੂੰ ਬੈਂਕਿੰਗ ਸਬੰਧੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਬਿਨਾਂ ਹਿਚਕਿਚਾਹਟ ਐਲਡੀਐਮ ਦਫ਼ਤਰ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਬੈਂਕਾਂ ਅਤੇ ਗ੍ਰਾਹਕਾਂ ਵਿਚਕਾਰ ਤਾਲਮੇਲ ਮਜ਼ਬੂਤ ਕਰਨਾ ਅਤੇ ਲੋਕਾਂ ਨੂੰ ਸੁਵਿਧਾਵਾਂ ਮੁਹੱਈਆ ਕਰਵਾਉਣਾ ਉਨ੍ਹਾਂ ਦਾ ਮੁੱਖ ਉਦੇਸ਼ ਹੈ।ਇਸ ਮੌਕੇ ਸੰਦੀਪ ਸਹੋਤਾ ਨੇ ਜ਼ਿਲ੍ਹੇ ਦੇ ਸਮੂਹ ਬੈਂਕ ਖਾਤਾਧਾਰਕਾਂ ਨੂੰ ਅਪੀਲ ਕੀਤੀ ਕਿ ਆਧੁਨਿਕ ਸਮੇਂ ਵਿੱਚ ਵਧ ਰਹੀਆਂ ਆਨਲਾਈਨ ਧੋਖਾਧੜੀਆਂ ਤੋਂ ਸਾਵਧਾਨ ਰਹਿਣ। ਉਨ੍ਹਾਂ ਸਪਸ਼ਟ ਕੀਤਾ ਕਿ ਕੋਈ ਵੀ ਬੈਂਕ ਕਦੇ ਵੀ ਫੋਨ ਰਾਹੀਂ ਓਟੀਪੀ, ਪਾਸਵਰਡ ਜਾਂ ਨਿੱਜੀ ਦਸਤਾਵੇਜ਼ਾਂ ਦੀ ਮੰਗ ਨਹੀਂ ਕਰਦਾ। ਇਸ ਲਈ ਕਿਸੇ ਵੀ ਅਣਪਛਾਤੇ ਵਿਅਕਤੀ ਨਾਲ ਆਪਣੀ ਨਿੱਜੀ ਜਾਣਕਾਰੀ ਸਾਂਝੀ ਨਾ ਕੀਤੀ ਜਾਵੇ।ਉਨ੍ਹਾਂ ਨੇ ਹੋਰ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਸ਼ੱਕੀ ਫੋਨ ਕਾਲ ਜਾਂ ਸੁਨੇਹਾ ਮਿਲਦਾ ਹੈ ਤਾਂ ਉਹ ਤੁਰੰਤ ਆਪਣੇ ਸੰਬੰਧਤ ਬੈਂਕ ਸ਼ਾਖਾ ਨਾਲ ਸੰਪਰਕ ਕਰੇ ਜਾਂ ਐਲਡੀਐਮ ਦਫ਼ਤਰ ਨੂੰ ਸੂਚਿਤ ਕਰੇ, ਤਾਂ ਜੋ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ।ਅੰਤ ਵਿੱਚ ਉਨ੍ਹਾਂ ਭਰੋਸਾ ਦਿੱਤਾ ਕਿ ਜ਼ਿਲ੍ਹੇ ਵਿੱਚ ਬੈਂਕਿੰਗ ਪ੍ਰਣਾਲੀ ਨੂੰ ਪਾਰਦਰਸ਼ੀ, ਸੁਰੱਖਿਅਤ ਅਤੇ ਲੋਕ-ਹਿਤੈਸ਼ੀ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ।ਅਹੁਦਾ ਸੰਭਾਲਣ ਤੋਂ ਪਹਿਲਾਂ ਉਨ੍ਹਾਂ ਦਾ ਇਥੇ ਪਹੁੰਚਣ ਤੇ ਸਮੂਹ ਸਟਾਫ ਵੱਲੋਂ ਭਰਵਾਂ ਸਵਾਗਤ ਕੀਤਾ ਜੀ ਆਇਆ ਆਖਿਆ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**

